A-BRL-M-L-QVOB

# PUNJABI

## Paper II

( LITERATURE )

*Time allowed : **Three** Hours*

*Maximum Marks : **250***

---

### Question Paper Specific Instructions

***Please read each of the following instructions carefully before attempting questions :***

*There are **EIGHT** questions divided in two **SECTIONS**.*

*Candidate has to attempt **FIVE** questions in all.*

*Questions no. **1** and **5** are compulsory and out of the remaining, **THREE** are to be attempted choosing at least **ONE** from each section.*

*The number of marks carried by a question / part is indicated against it.*

*Answers must be written in **PUNJABI**.*

*Word limit in questions, wherever specified, should be adhered to.*

*Attempts of questions shall be counted in chronological order. Unless struck off, attempt of a question shall be counted even if attempted partly. Any page or portion of the page left blank in the answer book must be clearly struck off.*

---

## SECTION A

**Q1.** ਹੇਠ ਲਿਖੇ ਪੰਜਾਂ ਕਾਵਿ-ਟੋਟਿਆਂ ਦੀ ਪ੍ਰਸੰਗ ਸਹਿਤ ਆਲੋਚਨਾਤਮਕ ਵਿਆਖਿਆ ਕਰੋ : *10×5=50*

(a) ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ
ਚਲਾ ਤ ਭਿਜੈ ਕੰਬਲੀ ਰਹਾ ਤ ਤੁਟੈ ਨੇਹੁ ।।
ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ।। *10*

(b) ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ।।
ਦਿਵਸੁ ਰਾਤਿ ਦੁਇ ਦਾਈ ਦਾਇਆ
ਖੇਲੈ ਸਗਲ ਜਗਤੁ ।।
ਚੰਗਿਆਈਆ ਬੁਰਿਆਈਆ
ਵਾਚੈ ਧਰਮੁ ਹਦੂਰਿ ।।
ਕਰਮੀ ਆਪੋ ਆਪਣੀ
ਕੇ ਨੇੜੈ ਕੇ ਦੂਰਿ ।। *10*

(c) ਉਲਟੇ ਹੋਰ ਜ਼ਮਾਨੇ ਆਏ ।
ਕਾਂ ਲਗੜ ਨੂੰ ਮਾਰਨ ਲੱਗੇ, ਚਿੜੀਆਂ ਜੁੱਰੇ ਖਾਏ ।
ਉਲਟੇ ਹੋਰ ਜ਼ਮਾਨੇ ਆਏ ।
ਇਰਾਕੀਆਂ ਨੂੰ ਚਾਬਕ ਪਉਂਦੇ, ਗੱਧੋਂ ਖ਼ੂਦ ਖਵਾਏ ।
ਉਲਟੇ ਹੋਰ ਜ਼ਮਾਨੇ ਆਏ ।
... ਹੁਕਮ ਹਜ਼ੂਰੋਂ ਆਇਆ, ਤਿਸ ਨੂੰ ਕੌਣ ਹਟਾਏ । *10*

(d) ਅਵਲ ਹਮਦ ਖ਼ੁਦਾ ਦਾ ਵਿਰਦ ਕੀਜੈ,
ਇਸ਼ਕ ਕੀਤਾ ਸੂ ਜਗ ਦਾ ਮੂਲ ਮੀਆਂ ।
ਪਹਿਲਾਂ ਆਪ ਅਲਾਹ ਨੇ ਇਸ਼ਕ ਕੀਤਾ,
ਤੇ ਮਸ਼ੂਕ ਹੈ ਨਬੀ ਰਸੂਲ ਮੀਆਂ ।
ਇਸ਼ਕ ਪੀਰ ਫਕੀਰ ਦਾ ਮਰਤਬਾ ਹੈ,
ਮਰਦ ਇਸ਼ਕ ਦਾ ਭਲਾ ਰੰਜੂਲ ਮੀਆਂ । *10*

(e) ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ ॥
ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ ॥
ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ ॥
ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ ॥ *10*

**Q2.** (a) "ਬਾਣੀ ਸ਼ੇਖ ਫਰੀਦ ਦਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਣਾ ਗੁਰਮਤ ਅਤੇ ਸੂਫ਼ੀਮਤ ਦੀ ਵਿਚਾਰਧਾਰਕ ਸਾਂਝ ਦਾ ਪ੍ਰਤੀਕ ਹੈ; ਇਸ ਦੇ ਬਾਵਜੂਦ ਸ਼ੇਖ਼ ਫਰੀਦ ਦੀ ਕਾਵਿ-ਸਾਧਨਾ ਦਾ ਮੌਲਿਕ ਅਤੇ ਨਿਖੜਵਾਂ ਚਰਿੱਤਰ ਹੈ" — ਇਸ ਕਥਨ ਦੇ ਸੰਦਰਭ ਵਿਚ ਫਰੀਦ-ਕਾਵਿ ਦਾ ਮੁਲਾਂਕਣ ਪੇਸ਼ ਕਰੋ । (ਸ਼ਬਦ ਸੀਮਾ : 250) *20*

(b) ਜਪੁਜੀ ਸਾਹਿਬ ਵਿਚ ਪੰਜਾਂ ਖੰਡਾਂ ਦੀ ਵਿਆਖਿਆ ਰਾਹੀਂ ਗੁਰੂ ਨਾਨਕ ਨੇ ਮਨੁੱਖੀ ਜੀਵਨ ਦੇ ਰੂਹਾਨੀ ਵਿਕਾਸ ਦਾ ਮਾਰਗ-ਉਲੀਕ ਕੇ ਉਸ ਅੰਦਰਲੀਆਂ ਅਸੀਮ ਸੰਭਾਵਨਵਾਂ ਨੂੰ ਜਾਗ੍ਰਿਤ ਕੀਤਾ ਹੈ — ਕਿਵੇ ? ਉੱਤਰ ਉਦਾਹਰਣਾ ਸਹਿਤ ਲਿਖੋ । *20*
(ਸ਼ਬਦ ਸੀਮਾ : 250)

(c) ਸ੍ਰਿਸ਼ਟੀ ਦੇ ਜਨਮ ਅਤੇ ਵਿਸਤਾਰ ਬਾਰੇ ਗੁਰੂ ਨਾਨਕ ਜਪੁਜੀ ਵਿਚ ਕੀ ਦਸਦੇ ਹਨ ? *10*
(ਸ਼ਬਦ ਸੀਮਾ : 150)

**Q3.** (a) "ਪੰਜਾਬ ਦੇ ਸੈਕੁਲਰ ਸਾਹਿਤ ਵਿਚ 'ਹੀਰ ਵਾਰਿਸ' ਨੂੰ ਸ਼੍ਰੋਮਣੀ ਸਥਾਨ ਪ੍ਰਾਪਤ ਹੈ ਕਿਉਂਕਿ ਵਾਰਿਸ ਸ਼ਾਹ ਨੇ ਇਸ ਰਚਨਾ ਵਿਚ ਪੰਜਾਬੀ ਸਭਿਆਚਾਰ ਦੇ ਉਸ ਅੰਦਰਲੇ ਗਤੀਕਾਰ ਨੂੰ ਸੰਚਾਲਿਤ ਕੀਤਾ ਜਿਹੜਾ ਇਸਲਾਮੀ ਅਤੇ ਹਿੰਦੂ-ਸੰਸਕ੍ਰਿਤੀਆਂ ਦੀ ਅੰਤਰ-ਪ੍ਰਕਿਰਿਆ ਤੋਂ ਉਤਪੰਨ ਹੋਇਆ" — ਇਸ ਟਿਪਣੀ ਦੇ ਪ੍ਰਸੰਗ ਵਿਚ 'ਹੀਰ ਵਾਰਿਸ' ਵਿਚ ਪੇਸ਼ ਪੰਜਾਬੀ ਸਭਿਆਚਾਰ ਬਾਰੇ ਆਪਣੀ ਆਲੋਚਨਾਤਮਕ ਰਾਇ ਪੇਸ਼ ਕਰੋ । (ਸ਼ਬਦ ਸੀਮਾ : 350) *25*

(b) "ਬੁਲ੍ਹੇ ਸ਼ਾਹ ਨੇ ਵਿਅੰਗ ਅਤੇ ਵਿਰੋਧ ਦੀ ਕਾਵਿ-ਵਿਧੀ ਰਾਹੀਂ ਆਪਣੇ ਸਮੇਂ ਦੀਆਂ ਸਮਾਜੋ-ਧਾਰਮਿਕ ਅਤੇ ਰਾਜਸੀ ਸਥਿਤੀਆਂ ਦੇ ਮਾਨਵ ਵਿਰੋਧੀ ਚਰਿਤੱਰ ਨੂੰ ਉਘਾੜਿਆ ਹੈ" — ਇਸ ਧਾਰਨਾ ਦੇ ਹਵਾਲੇ ਨਾਲ ਬੁਲ੍ਹੇ ਸ਼ਾਹ ਦੀਆਂ ਕਾਫ਼ੀਆਂ ਨੂੰ ਚਰਚਾ ਦਾ ਵਿਸ਼ਾ ਬਣਾਓ । (ਸ਼ਬਦ ਸੀਮਾ : 350) *25*

**Q4.** (a) 'ਆਸਾ ਦੀ ਵਾਰ' ਗੁਰੂ ਨਾਨਕ ਬਾਣੀ ਵਿਚ ਹੀ ਨਹੀਂ ਸਗੋਂ ਸਮੁੱਚੇ ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ੇਸ਼ ਸਥਾਨ ਰਖਦੀ ਹੈ ਕਿਉਂਕਿ ਇਹ ਵਾਰ ਇਕੋ ਵੇਲੇ ਸਦੀਵਤਾ ਅਤੇ ਸਮਕਾਲੀਨਤਾ ਦੀ ਤਰਜਮਾਨੀ ਕਰਦੀ ਹੈ — ਆਸਾ ਦੀ ਵਾਰ ਦੀ ਇਸ ਦੂਹਰੀ ਪ੍ਰਸੰਗਿਕਤਾ ਬਾਰੇ ਵਿਚਾਰ ਕਰੋ । (ਸ਼ਬਦ ਸੀਮਾ : 250) *20*

(b) ਫਰੀਦ-ਬਾਣੀ ਵਿਚ ਨੈਤਿਕ ਸੋਝੀ ਦੇ ਨਾਲ ਨਾਲ ਪੰਜਾਬ ਦੀ ਲੋਕ-ਸੰਸਕ੍ਰਿਤੀ ਵੀ ਪ੍ਰਵਾਹਮਾਨ ਹੋ ਕੇ ਨਵੇਕਲੀ ਪਛਾਣ ਪ੍ਰਾਪਤ ਕਰਦੀ ਹੈ — ਕਿਵੇਂ ? ਬਾਣੀ ਵਿਚੋਂ ਦ੍ਰਿਸ਼ਟਾਂਤਾਂ ਸਹਿਤ ਉਲੇਖ ਕਰੋ । (ਸ਼ਬਦ ਸੀਮਾ : 250) *20*

(c) ਬਾਰਾ ਮਾਹ ਦੇ ਕਾਵਿ-ਰੂਪ ਦੀ ਵਰਤੋਂ ਕਰਦੇ ਸਮੇਂ ਗੁਰੂ ਨਾਨਕ ਨੇ ਕੀ ਵੱਖਰਤਾ ਅਪਣਾਈ ਹੈ ? (ਸ਼ਬਦ ਸੀਮਾ : 150) *10*

## SECTION B

**Q5.** ਹੇਠ ਲਿਖੇ ਪੰਜਾਂ ਕਾਵਿ/ਗੱਦ ਟੋਟਿਆਂ ਦੀ ਪ੍ਰਸੰਗ ਸਹਿਤ ਆਲੋਚਨਾਤਮਕ ਵਿਆਖਿਆ ਕਰੋ : (ਸ਼ਬਦ ਸੀਮਾ : 150) *10×5=50*

(a) ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,
ਦੋਵੇਂ ਬਾਦਸ਼ਾਹੀ ਫ਼ੌਜਾਂ ਭਾਰੀਆਂ ਨੀ ।
ਅਜ ਹੋਵੇ ਸਰਕਾਰ ਤਾਂ ਮੁੱਲ ਪਾਵੇ,
ਜਿਹੜੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੀ ।
... ਇਕ ਸਰਕਾਰ ਬਾਝੋਂ,
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ । *10*

(b) ਧਰਮ, ਸਚਾਈ ਦੀ ਚਿਟਾਨ ਤੇ,
ਮਜ਼ਹਬ ਨੇ ਇਕ ਮਹੱਲ ਬਣਾਇਆ ।
ਮਜ਼ਹਬ ਦੇ ਪਾਣੀ ਨੂੰ ਗੰਦਾ,
ਕੀਤਾ ਜਦ ਜ਼ਮੀਰ ਫਰੋਸ਼ਾਂ ।
ਜਿਉਂ ਦੀ ਤਿਉਂ ਚਿਟਾਨ ਹੀ ਰਹਿ ਗਈ,
ਮਜ਼ਹਬ ਦਾ ਹੋ ਹਿਆ ਸਫ਼ਾਇਆ । *10*

(c) "ਮੈਂ ਕੇਵਲ ਮਲਿਕਾ ਨਹੀਂ, ਔਰਤ ਵੀ ਹਾਂ । ਇਸ ਔਰਤ ਨੂੰ ਮੈਂ ਜ਼ਰਾ-ਬਕਤਰ ਵਿਚ ਲੁਕੋ ਕੇ ਰਖਿਆ, ਪਰ ਇਸ ਦੀ ਅੱਗ ਮੇਰੇ ਸਰੀਰ ਨੂੰ ਝੁਲਸਦੀ ਰਹੀ ਅਤੇ ਮੈਂ ਅੰਦਰ ਹੀ ਅੰਦਰ ਜਲਦੀ ਰਹੀ । ਇਸ ਅੱਗ ਵਿਚ ਰੰਗ, ਨਸਲ ਤੇ ਮੁਲਕਾਂ ਦੀਆਂ ਹੱਦਾਂ ਪਿਘਲ ਗਈਆਂ ਹਨ ।" *10*

(d) ਪਿਤਰੀ ਧਨ ਚਾਹੇ ਬਹੁਤਾ ਹੋਵੇ ਚਾਹੇ ਥੋੜ੍ਹਾ, ਤੇ ਭਾਵਕ ਰੂਪ ਵਿਚ ਕੋਈ ਜਾਤੀ ਚਾਹੇ ਇਸ ਉਤੇ ਯਥਾਰਥ ਤੋਂ ਵਧੇਰੇ ਮਾਨ ਕਰਦੀ ਹੋਵੇ, ਇਸ ਦਾ ਮੁੱਲ ਜ਼ਰੂਰ ਹੁੰਦਾ ਹੈ, ਅਤੇ ਵਿਗਿਆਨਕ ਸੂਝ, ਸਾਹਿਤ ਆਲੋਚਨਾ, ਆਦਿ, ਦਾ ਕਰਤਵ ਹੁੰਦਾ ਹੈ ਕਿ ਇਸ ਦਾ ਯਥਾਰਥਕ ਭਾਂਤ ਯੋਗ ਮੁੱਲ ਪਾਵੇ । *10*

(e) ਮੇਰੀ ਜ਼ਿੰਦਗੀ ਥੋੜ੍ਹੀ ਹੋਵੇ ਜਾਂ ਬਹੁਤੀ, ਮਾੜੀ ਹੋਵੇ ਜਾਂ ਚੰਗੀ, ਮੇਰੀਆਂ ਉਮੈਦਾਂ ਬਰ ਆਉਣ ਜਾਂ ਟੋਟੇ ਹੋ ਜਾਣ, ਤੁਸੀ ਸਦਾ ਮੈਨੂੰ ਸਭ ਤੋਂ ਵਧੀਕ ਯਾਦ ਆਉਣ ਵਾਲੇ ਮੇਰੇ ਮਿੱਤਰ ਰਹੋਗੇ — ਤੁਹਾਡੀ ਪ੍ਰਸੰਸਾ ਦੇ ਜਾਦੂ ਨੇ ਮੈਨੂੰ ਕਿਸੇ ਨਵੀਂ ਦੁਨੀਆਂ ਵਿਚ ਪੁਚਾ ਦਿੱਤਾ ਹੈ । *10*

**Q6.** (a) 'ਜੰਗ ਸਿੰਘਾਂ ਤੇ ਫਰੰਗੀਆਂ' ਵਿਚ ਸ਼ਾਹ ਮੁਹੰਮਦ ਇਕ ਪਾਸੇ ਸਿਖ ਰਾਜ ਦੇ ਖੇਰੂੰ ਖੇਰੂੰ ਹੋ ਜਾਣ ਨੂੰ ਇਕ ਤ੍ਰਾਸਦੀ ਵਾਂਗ ਮਹਿਸੂਸਦਾ ਹੈ ਅਤੇ ਦੂਜੇ ਪਾਸੇ ਹਿੰਦੂਆਂ, ਸਿਖਾਂ, ਮੁਸਲਮਾਨਾਂ ਦੀ ਭਾਵਕ ਸਾਂਝ ਦੇ ਭਰਵੇਂ ਚਿੱਤਰ ਉਲੀਕਦਾ ਹੈ — ਇਹਨਾ ਵੇਰਵਿਆਂ ਉਤੇ ਨਜ਼ਰ ਰਖਦੇ ਹੋਏ ਸ਼ਾਹ ਮੁਹੰਮਦ ਦੀ ਚਿੰਤਨਸ਼ੀਲ ਬਿਰਤੀ ਬਾਰੇ ਚਰਚਾ ਕਰੋ । *20*
(ਸ਼ਬਦ ਸੀਮਾ : 250)

(b) 'ਧਨੀਰਾਮ ਚਾਤ੍ਰਿਕ ਲੋਕਾਂ ਦਾ ਕਵੀ ਹੈ, ਉਸ ਦੀ ਕਵਿਤਾ ਦਾ ਲਹਿਜ਼ਾ ਅਤੇ ਸੁਰ ਸੁਧਾਰਕ ਹੈ ਜਿਸ ਵਿਚ ਆਲੇ-ਦੁਆਲੇ ਦਾ ਵਿਵਰਣ ਤਾਂ ਹੈ ਪਰੰਤੂ ਹਾਲਾਤ ਅਤੇ ਹਾਦਸਿਆਂ ਬਾਰੇ ਪ੍ਰਤਿਕਰਮ ਘਟ' — ਚਾਤ੍ਰਿਕ ਕਾਵਿ ਦੇ ਕਲਾਮਈ ਨਿਭਾਅ ਨੂੰ ਧਿਆਨ ਵਿਚ ਰਖਦੇ ਹੋਏ ਆਪਣਾ ਅਧਿਐਨ ਪੇਸ਼ ਕਰੋ । (ਸ਼ਬਦ ਸੀਮਾ : 250) *20*

(c) ਸ਼ਾਹ ਮੁਹੰਮਦ ਵਲੋਂ ਆਪਣੇ ਜੰਗਨਾਮੇ ਵਿਚ ਇਤਿਹਾਸ ਦੀ ਦ੍ਰਿਸ਼ਟੀ ਤੋਂ ਕੀਤੀਆਂ ਭੁਲਾਂ ਸਪਸ਼ਟ ਕਰੋ । (ਸ਼ਬਦ ਸੀਮਾ : 150) *10*

**Q7.** (a) 'ਗਾਰਗੀ ਦੇ ਹੱਥਾਂ ਵਿਚ ਪੰਜਾਬੀ ਨਾਟਕ ਦੇ ਕੇਵਲ ਰਸਮੀ ਸਫ਼ਰ ਹੀ ਤਹਿ ਨਹੀਂ ਕੀਤਾ ਸਗੋਂ ਉਸ ਨੇ ਸਮਕਾਲੀ ਚੇਤਨਾ, ਪ੍ਰਸਥਿਤੀਆਂ ਅਤੇ ਵਾਤਾਵਰਨ ਦੇ ਅਨੁਕੂਲ, ਮਾਨਸਿਕ ਅਤੇ ਬੌਧਿਕ ਪੱਖ ਤੋਂ ਵੀ ਪੰਜਾਬੀ ਨਾਟਕ ਦਾ ਮੁਹਾਂਦਰਾ ਸੁਆਰਿਆ ਹੈ — ਇਸ ਧਾਰਨਾ ਬਾਰੇ ਚਰਚਾ ਕਰਨ ਲਈ 'ਲੋਹਾ-ਕੁੱਟ', 'ਧੂਣੀ ਦੀ ਅੱਗ' ਅਤੇ 'ਸੁਲਤਾਨ ਰਜ਼ੀਆ' ਨਾਟਕਾਂ ਨੂੰ ਆਧਾਰ ਬਣਾਓ । (ਸ਼ਬਦ ਸੀਮਾ : 350) 25

(b) "ਗੁਰਬਖ਼ਸ਼ ਸਿੰਘ ਪੰਜਾਬੀ ਦਾ ਉਹ ਸਮਰਥ "ਗੱਦ-ਸ਼ੈਲੀਆ" ਹੈ ਜਿਸਨੇ ਪੰਜਾਬੀ ਵਾਰਤਕ ਦੀਆਂ ਲੁਕੀਆਂ ਸੰਭਾਵਨਾਵਾਂ ਨੂੰ ਉਜਾਗਰ ਕੀਤਾ" ਜਾਂ "ਗੁਰਬਖ਼ਸ਼ ਸਿੰਘ ਦੀ ਵਾਰਤਕ ਦਾ ਮੀਰੀ ਗੁਣ ਵਿਵੇਕ ਨਹੀਂ ਵੇਗ ਹੈ ਅਤੇ ਉਸ ਦੀ ਵਾਰਤਕ ਪੱਤਰਕਾਰੀ ਤੋਂ ਅਗਾਂਹ ਨਹੀਂ ਟੱਪੀ" — ਤੁਸੀ ਕਿਸ ਟਿਪਣੀ ਨਾਲ ਸਹਿਮਤ ਹੋ ਅਤੇ ਕਿਉਂ ? ਉੱਤਰ ਤਰਕ ਅਤੇ ਦਲੀਲਾਂ ਸਹਿਤ ਦਿਓ । (ਸ਼ਬਦ ਸੀਮਾ : 350) 25

**Q8.** (a) 'ਚਿੱਟਾ ਲਹੂ' ਅਤੇ 'ਪਵਿੱਤਰ ਪਾਪੀ' ਨਾਨਕ ਸਿੰਘ ਦੇ ਦੋਹਾਂ ਨਾਵਲਾਂ ਵਿਚ ਵਿਅਕਤੀ ਅਤੇ ਸਮਾਜ ਦੇ ਦਵੰਦਾਤਮਕ ਰਿਸ਼ਤੇ ਨੂੰ ਕੇਂਦਰ ਵਿਚ ਰਖਿਆ ਗਿਆ ਹੈ । ਇਹਨਾਂ ਨਾਵਲਾਂ ਦੇ ਮੁੱਖ ਪਾਤਰ ਸਥਾਪਿਤ ਮਰਿਆਦਾ ਦਾ ਪੱਖ ਪੂਰਦੇ ਹੋਏ ਆਦਰਸ਼ ਅਤੇ ਯਥਾਰਥ ਦੇ ਤਣਾਉ ਨੂੰ ਹੰਢਾਉਂਦੇ ਹਨ — ਇਹਨਾਂ ਪਾਤਰਾਂ ਦੀ ਦੁਖਾਂਤ ਸਥਿਤੀ ਨੂੰ ਅਧਿਐਨ ਦਾ ਵਿਸ਼ਾ ਬਣਾਓ । (ਸ਼ਬਦ ਸੀਮਾ : 250) 20

(b) "ਬਲਰਾਜ ਸਾਹਨੀ ਦੀ ਪੁਸਤਕ 'ਮੇਰਾ ਪਾਕਿਸਤਾਨੀ ਸਫ਼ਰਨਾਮਾ' ਦਾ ਸਿਰਲੇਖ ਭਾਵੇਂ ਇਸ ਨੂੰ ਸਫ਼ਰਨਾਮਿਆਂ ਦੀ ਕੋਟੀ ਵਿਚ ਰਖਦਾ ਹੈ ਪਰ ਹਕੀਕਤ ਵਿਚ ਇਹ 'ਡਾਇਰੀ' ਦੀ ਵਿਧਾ ਦੇ ਵਧੇਰੇ ਨੇੜੇ ਹੈ ਜਿਸ ਵਿਚ ਲੇਖਕ ਨੇ ਪਾਕਿਸਤਾਨ ਵਿਚ ਗੁਜ਼ਾਰੇ ਆਪਣੇ 17 ਦਿਨਾਂ ਦੇ ਯਾਤਰਾ-ਬਿਰਤਾਂਤ ਨੂੰ ਕਾਨੀਬੱਧ ਕੀਤਾ ਹੈ" — ਇਸ ਦਾਅਵੇ ਬਾਰੇ ਆਪਣੀ ਆਲੋਚਨਾਤਮਕ ਰਾਇ ਪੇਸ਼ ਕਰੋ । (ਸ਼ਬਦ ਸੀਮਾ : 250) 20

(c) ਇਕ ਮਿਆਨ ਦੋ ਤਲਵਾਰਾਂ ਨਾਵਲ ਦੇ ਨਾਮ ਦੀ ਸਾਰਥਕਤਾ ਅਤੇ ਉਚਿਤਤਾ ਸਪਸ਼ਟ ਕਰੋ । (ਸ਼ਬਦ ਸੀਮਾ : 150) 10

CS (Main) Exam : 2014

**C–DRN–N–L–RVOB**

# PUNJABI

## Paper—II

## (Literature)

*Time Allowed : Three Hours*

*Maximum Marks : 250*

### QUESTION PAPER SPECIFIC INSTRUCTIONS

**Please read each of the following instructions carefully before attempting questions :**

There are **EIGHT** questions divided in **Two Sections**.

Candidate has to attempt **FIVE** questions in all.

Question Nos. **1** and **5** are compulsory and out of the remaining, **THREE** are to be attempted choosing at least **ONE** from each section.

The number of marks carried by a question/part is indicated against it.

Answers must be written in **PUNJABI**.

Word limit in questions, wherever specified, should be adhered to.

Attempts of questions shall be counted in chronological order. Unless struck off, attempt of a question shall be counted even if attempted partly. Any page or portion of the page left blank in the answer book must be clearly struck off.

---

## SECTION—A

Q.1. **ਹੇਠ ਲਿਖੇ ਪੰਜਾਂ ਕਾਵਿ ਟੋਟਿਆਂ ਦੀ ਪ੍ਰਸੰਗ ਸਹਿਤ ਆਲੋਚਨਾਤਮਕ ਵਿਆਖਿਆ ਕਰੋ (ਸ਼ਬਦ ਸੀਮਾਂ : 150) :—**

**10×5=50**

Q. 1(a) ਦਿਲਹੁ ਮੁਹਬਤਿ ਜਿਨ੍ਹ ਸੇਈ ਸਚਿਆ ॥
ਜਿਨ੍ਹ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥1॥
ਰਤੇ ਇਸ਼ਕ ਖੁਦਾਇ ਰੰਗਿ ਦੀਦਾਰ ਕੇ ॥
ਵਿਸਰਿਆ ਜਿਨ ਨਾਮੁ ਤੇ ਭੁਇ ਭਾਰੁ ਥੀਏ ॥1॥ਰਹਾਉ ॥
ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ ॥
ਤਿਨ੍ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥2॥ 10

Q. 1(b) ਜਤੁ ਪਾਹਾਰਾ ਧੀਰਜੁ ਸੁਨਿਆਰੁ ॥
ਅਹਰਣਿ ਮਤਿ ਵੇਦੁ ਹਥੀਆਰੁ ॥
ਭਉ ਖਲਾ ਅਗਨਿ ਤਪ ਤਾਉ ॥
ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥
ਘੜੀਐ ਸਬਦੁ ਸਚੀ ਟਕਸਾਲ ॥
ਜਿਨ ਕਉ ਨਦਰਿ ਕਰਮ ਤਿਨ ਕਾਰ ॥
ਨਾਨਕ ਨਦਰੀ ਨਦਰਿ ਨਿਹਾਲ ॥ 10

Q. 1(c) ਮਾਟੀ ਜੋੜਾ ਮਾਟੀ ਘੋੜਾ
ਮਾਟੀ ਦਾ ਅਸਵਾਰ
ਮਾਟੀ ਮਾਟੀ ਨੂੰ ਦੌੜਾਏ
ਮਾਟੀ ਦਾ ਖੜਕਾਰ
ਮਾਟੀ ਕੁਦਮ ਕਰੇਂਦੀ ਯਾਰ। 10

Q. 1(d) ਕਾਜ਼ੀ ਆਖਿਆ ਖ਼ੌਫ ਖੁਦਾਇ ਦਾ ਕਰ,
ਮਾਪੇ ਜ਼ਿਦ ਚੜ੍ਹੇ ਚਾਇ ਮਾਰਨੀਗੇ।
ਤੇਰੀ ਕਿਆੜੀਉਂ ਜਿੱਭ ਖਿਚਾਇ ਕਢਣ,
ਮਾਰੇ ਸ਼ਰਮ ਦੇ ਖ਼ੂਨ ਗੁਜਾਰਨੀਗੇ।
ਜਿਸ ਵਕਤ ਦਿਤਾ ਅਸਾਂ ਚਾਇ ਫਤਵਾ,
ਓਸੇ ਵਕਤ ਹੀ ਮਾਰ ਉਤਾਰਨੀਗੇ।
ਮਾਉਂ ਆਖਦੀ ਲੋੜ੍ਹ ਖੁਦਾਇ ਦਾ ਜੇ,
ਵੇਖੋ ਸ਼ੇਖ਼ ਦੀਦੇ ਤਿੱਖੇ ਪਾੜਨੀਗੇ। 10

Q. 1(e) ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ॥
ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥
ਥਾਉ ਨ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ॥
ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ॥
ਲਿਖਿ ਨਾਵੈ ਧਰਮੁ ਬਹਾਲਿਆ॥ 10

Q. 2(a) "ਸ਼ੇਖ਼ ਫ਼ਰੀਦ ਨੇ ਮਾਨਵੀ ਦੇਹੀ ਨੂੰ ਆਧਾਰ ਬਣਾ ਕੇ ਸਭਿਆਚਾਰਕ ਅਤੇ ਅਧਿਆਤਮਕ ਸੰਦੇਸ਼ਾਂ ਦੀ ਸਿਰਜਣਾ ਕੀਤੀ ਹੈ," ਫ਼ਰੀਦ ਬਾਣੀ ਸੰਬੰਧੀ ਉਪਰੋਕਤ ਕਥਨ ਦੀ ਵਿਆਖਿਆ ਤੇ ਪਰੀਖਿਆ ਕਰੋ। 20

Q. 2(b) "ਗੁਰੂ ਨਾਨਕ ਨੇ ਜਪੁਜੀ ਸਾਹਿਬ ਵਿੱਚ ਬ੍ਰਹਮ ਸੰਬੰਧੀ ਅਨੁਭਵ ਨੂੰ ਮਨੁੱਖ ਦੇ ਕਰਮਾਂ ਅਤੇ ਆਦਰਸ਼ਾਂ ਨਾਲ ਜੋੜ ਕੇ ਪੇਸ਼ ਕੀਤਾ ਹੈ," ਇਸ ਕਥਨ ਦੀ ਰੋਸ਼ਨੀ ਵਿੱਚ ਜਪੁਜੀ ਸਾਹਿਬ ਬਾਣੀ ਉਪਰ ਚਰਚਾ ਕਰੋ। 15

Q. 2(c) ਫਰੀਦ ਬਾਣੀ ਵਿੱਚ ਪੇਸ਼ ਨੈਤਿਕਤਾ ਦੇ ਸੰਦੇਸ਼ ਨੂੰ 'ਆਸਾ ਦੀ ਵਾਰ' ਵਿੱਚ ਪੇਸ਼ ਨੈਤਿਕਤਾ ਦੇ ਸੰਦੇਸ਼ ਦੇ ਪ੍ਰਸੰਗ ਵਿੱਚ ਵਿਸ਼ਲੇਸ਼ਿਤ ਕਰੋ। 15

Q. 3(a) "ਹੀਰ ਵਾਰਿਸ ਦੇ ਬਿਰਤਾਂਤ ਦਾ ਆਰੰਭ ਤਾਂ ਭਾਵੇਂ ਰਾਂਝੇ ਤੋਂ ਹੁੰਦਾ ਹੈ ਪਰ ਅੱਗੇ ਜਾਕੇ ਇਹ ਔਰਤ ਦਾ ਆਪਣੀ ਮਾਨਵੀ ਹੋਂਦ ਲਈ ਸੰਘਰਸ਼ ਬਣ ਜਾਂਦਾ ਹੈ," ਇਸ ਕਥਨ ਉਪਰ ਵਿਚਾਰ ਕਰੋ। 15

Q. 3(b) "ਬੁਲ੍ਹੇ ਸ਼ਾਹ ਦੀ ਕਵਿਤਾ ਵਿੱਚ ਇਸ਼ਕ ਨਿਰੋਲ ਪ੍ਰੇਮਾਤਮਕ ਜਜ਼ਬਾ ਨਾ ਹੋ ਕੇ ਮਨੁੱਖ ਦੀ ਸਮੁੱਚੀ ਜਿਗਿਆਸਾ ਅਤੇ ਉਸ ਦੀ ਸਵੈ-ਪਛਾਣ ਦੀ ਸਮੱਸਿਆ ਨਾਲ ਜੁੜਿਆ ਹੋਇਆ ਹੈ," ਇਸ ਧਾਰਨਾ ਦੀ ਵਿਆਖਿਆ ਕਰੋ। 15

Q. 3(c) ਵਾਰਿਸ ਦੀ ਹੀਰ ਅਤੇ ਬੁਲ੍ਹੇ ਸ਼ਾਹ ਦੀਆਂ ਕਾਫ਼ੀਆਂ, ਦੋਹਾਂ ਦੇ ਕੇਂਦਰ ਵਿੱਚ ਇਸ਼ਕ ਹੈ। ਦੋਹਾਂ ਵਿੱਚ ਪੇਸ਼ ਇਸ਼ਕ ਦੇ ਚਰਿਤ੍ਰ ਦਾ ਤੁਲਨਾਤਮਕ ਅਧਿਐਨ ਪੇਸ਼ ਕਰੋ। 20

Q. 4(a) ਸ਼ੇਖ ਫ਼ਰੀਦ ਦੀ ਪ੍ਰਗੀਤ ਸਿਰਜਣਾ ਤੇ ਵਿਚਾਰ ਕਰਦਿਆਂ ਇਸ ਬਾਣੀ ਦੀ ਸੰਬੋਧਨ ਬਿਰਤੀ ਦੀ ਪਛਾਣ ਉਜਾਗਰ ਕਰੋ। 20

Q. 4(b) "ਆਸਾ ਦੀ ਵਾਰ ਵਿੱਚ ਗੁਰੂ ਨਾਨਕ ਨੇ ਬ੍ਰਹਮ, ਗੁਰੂ, ਜੀਵ ਤੇ ਜਗਤ ਦੀ ਪ੍ਰਕਿਰਤੀ ਸੰਬੰਧੀ ਬੁਨਿਆਦੀ ਚਿੰਤਨ ਕੀਤਾ ਹੈ।" ਇਸ ਕਥਨ ਦੀ ਰੋਸ਼ਨੀ ਵਿੱਚ ਇਸ ਰਚਨਾ ਸੰਬੰਧੀ ਚਰਚਾ ਕਰੋ। 20

Q. 4(c) "ਵਾਰਿਸ ਸ਼ਾਹ ਬਿਰਤਾਂਤ ਅਤੇ ਪ੍ਰਗੀਤ ਦੇ ਤਣਾਉ ਵਾਲਾ ਰਚਨਾਕਾਰ ਹੈ।" ਇਸ ਦ੍ਰਿਸ਼ਟੀ ਤੋਂ ਹੀਰ ਵਾਰਿਸ ਸੰਬੰਧੀ ਚਰਚਾ ਕਰੋ। 10

## SECTION—B

Q.5. ਹੇਠ ਲਿਖੇ ਪੰਜਾਂ ਸਾਹਿਤਕ ਖੰਡਾਂ ਦੀ ਪ੍ਰਸੰਗ ਸਹਿਤ ਆਲੋਚਨਾਤਮਕ ਵਿਆਖਿਆ ਕਰੋ (ਸ਼ਬਦ ਸੀਮਾਂ : 150) :— **10×5=50**

Q. 5(a) ਇੱਕ ਰੋਜ਼ ਵਡਾਲੇ ਦੇ ਵਿੱਚ ਬੈਠੇ
ਚਲੀ ਆਣ ਅੰਗਰੇਜ਼ ਦੀ ਬਾਤ ਆਹੀ।
ਸਾਨੂੰ ਆਖਿਆ ਹੀਰੇ ਤੇ ਨੂਰ ਖਾਂ ਨੇ
ਜਿਨ੍ਹਾਂ ਨਾਲ ਸਾਡੀ ਮੁਲਾਕਾਤ ਆਹੀ।
ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ
ਸਿਰ ਦੋਹਾਂ ਦੇ ਉੱਤੇ ਆਫ਼ਾਤ ਆਈ। 10

Q. 5(b) ਨੇਮ ਕਹੇ ਮਰਜਾਦਾ ਬਾਝੋਂ ਕੋਈ ਗੱਲ ਨ ਸਰਨੀ ਹੈ
ਪ੍ਰੇਮ ਕਹੇ ਮੈਂ ਖੰਭ ਖੁਹਾ ਕੇ ਦੁਨੀਆਂ ਕੈਦ ਨ ਕਰਨੀ ਹੈ
ਨੇਮ ਕਹੇ ਫੜ੍ਹ ਮਨ ਦੀਆਂ ਵਾਗਾਂ ਨੱਕ ਦੀ ਸੇਧੇ ਜਾਣਾ ਹੈ
ਪ੍ਰੇਮ ਕਹੇ ਇਹ ਮੱਤਾਂ ਹਾਥੀ ਬਿਨਾ ਲਗਾਮ ਚਲਾਣਾ ਹੈ। 10

Q. 5(c) "ਕਿੰਨੀ ਛੇਤੀ ਤੂੰ ਬਦਲ ਜਾਂਦਾ ਹੈਂ। ਤੇਰੀ ਸ਼ਖ਼ਸੀਅਤ ਦੋ ਹਿੱਸਿਆਂ ਵਿੱਚ ਵੰਡੀ ਹੋਈ ਹੈ। ਤੇਰੇ ਦੋ ਵਜੂਦ ਹਨ—ਬਿਲਕੁਲ ਉਲਟ। ਕਦੀ ਇਕ ਅਗਾਂਹ ਵਧਦਾ ਹੈ ਤੇ ਕਦੀ ਦੂਜਾ....।" 10

Q. 5(d) "ਬੇਬੇ ਜੀ, ਮੂੰਹ ਛੋਟਾ ਤੇ ਗੱਲ ਵੱਡੀ ਏ। ਪਰ ਜਿਹੜੀ ਗੱਲ ਬੰਦੇ ਦੇ ਵੱਸ ਦੀ ਹੋਵੇ ਨਾ, ਉਸ ਦਾ ਕੋਈ ਕੀ ਕਰੇ। ਉਹ ਕਬੂਤਰ ਤੁਹਾਡੇ ਭਾਣੇ ਤਾਂ ਹੋਵੇਗਾ ਪਾਰਟੀ ਦੇ ਕੰਮ ਆਉਣ ਵਾਲੀ ਚੀਜ਼, ਪਰ ਮੇਰੇ ਦਿਲ ਤੋਂ ਕੋਈ ਪੁੱਛ ਕੇ ਵੇਖੇ। ਇਹ ਮੈਂ ਕਿਸੇ ਦੇ ਪਿਆਰ ਦੀ ਨਿਸ਼ਾਨੀ ਸਮਝ ਕੇ ਰਖਿਆ ਹੋਇਐ ਬੇਬੇ ਜੀ।" 10

Q. 5(e) ਕਲਾ ਦਿਲ ਦੀਆਂ ਖ਼ਿਲਾਵਾਂ ਭਰ ਦੇਂਦੀ ਹੈ, ਧੱਬੇ ਰੰਗ ਦੇਂਦੀ ਹੈ, ਆਜ਼ਾਦ ਕਰਦੀ, ਬੇ-ਮੁਥਾਜ ਕਰਦੀ, ਤੇ ਭਰਪੂਰਤਾ ਦਾ ਅਹਿਸਾਸ ਪੈਦਾ ਕਰਦੀ ਹੈ। ਪਰ ਇਹ ਆਸ ਭਰਿਆ ਵਾਯੂ-ਮੰਡਲ ਮੰਗਦੀ ਹੈ : ਸੁਹਣੀ ਰਹਿਣੀ, ਮਿੱਠੀ ਬੋਲੀ, ਹਮਦਰਦ ਦਿਲ, ਪ੍ਰਸੰਨ ਅੱਖਾਂ, ਖ਼ੁਸ਼ ਕਰਨ ਦੀ ਰੀਝ, ਕੰਮ ਆਉਣ ਦੀ ਤਾਂਘ, ਪਿਆਰਨ ਦੀ ਭੁੱਖ, ਖਿਮਾ ਕਰਨ ਦੀ ਆਸਾਨੀ। 10

Q. 6(a) "ਜੰਗਨਾਮਾ ਸ਼ਾਹ ਮੁਹੰਮਦ ਹਾਜ਼ਰ ਜਾਂ ਸੁਚੇਤ ਪੱਧਰ ਤੇ ਹਿੰਦ-ਪੰਜਾਬ ਦਾ ਜੰਗਨਾਮਾ ਹੈ, ਪਰ ਨਾ-ਹਾਜ਼ਰ ਜਾਂ ਅਚੇਤ ਪੱਧਰ ਤੇ ਵਾਰ ਮਹਾਂਰਾਜਾ ਰਣਜੀਤ ਸਿੰਘ ਹੈ," ਇਸ ਧਾਰਨਾ ਦੇ ਆਧਾਰ ਤੇ ਜੰਗਨਾਮਾ ਸ਼ਾਹ ਮੁਹੰਮਦ ਦੀ ਵਿਆਖਿਆ ਕਰੋ। 20

Q. 6(b) ਧਨੀ ਰਾਮ ਚਾਤ੍ਰਿਕ ਦਾ ਕਾਵਿ ਅਨੁਭਵ ਮਿਸ਼੍ਰਿਤ ਕਿਸਮ ਦਾ ਹੈ। ਉਸ ਦੀ ਕਵਿਤਾ ਵਿੱਚ ਪਿਆਰ ਅਨੁਭਵ, ਸੁਧਾਰਕਤਾ, ਪੰਜਾਬੀਅਤ ਕਿਸ ਵਿਵੇਕ ਅਧੀਨ ਆਪਸ ਵਿੱਚ ਸੰਬੰਧਿਤ ਹਨ? 20

Q. 6(c) ਧਨੀ ਰਾਮ ਚਾਤ੍ਰਿਕ ਪੰਜਾਬੀ ਸਭਿਆਚਾਰ ਦਾ ਚਿੱਤਰ ਪੇਸ਼ ਕਰਦਾ ਹੈ ਚਰਿਤ੍ਰ ਨਹੀਂ—ਇਸ ਕਥਨ ਦੀ ਪਰੀਖਿਆ ਕਰੋ। 10

Q. 7(a) "ਗੁਰਬਖ਼ਸ਼ ਸਿੰਘ ਨੇ ਪੰਜਾਬੀ ਵਾਰਤਕ ਵਿੱਚ ਇਕ ਨਰੋਈ ਸੋਚ ਤਾਂ ਲਿਆਂਦੀ ਪਰ ਨਾਲ ਹੀ ਮਧਵਰਗੀ ਸ਼ਖ਼ਸੀ ਜੀਵਨ ਜਾਚ ਨੂੰ ਵੀ ਪ੍ਰਸਾਰਿਆ," ਇਸ ਪੱਖ ਤੋਂ ਗੁਰਬਖ਼ਸ਼ ਸਿੰਘ ਦੀ ਵਾਰਤਕ ਤੇ ਵਿਚਾਰ ਕਰੋ। 20

Q. 7(b) "ਬਲਵੰਤ ਗਾਰਗੀ ਦੇ ਔਰਤ ਪਾਤਰਾਂ ਅੰਦਰ ਮਘਦਾ ਜਜ਼ਬਾ, ਸਮਾਜਕ ਵਲਗਣਾਂ ਤੇ ਸਭਿਆਚਾਰਕ ਮਾਨਤਾਵਾਂ ਦਾ ਵਿਰੋਧ, ਉਹਨਾਂ ਦੇ ਵਿਦਰੋਹ ਦੀ ਮੂਲ ਸ਼ਕਤੀ ਹੈ," ਇਸ ਪੱਖ ਤੋਂ ਗਾਰਗੀ ਦੇ ਨਾਟਕਾਂ ਦਾ ਵਿਸ਼ਲੇਸ਼ਣ ਪੇਸ਼ ਕਰੋ। 20

Q. 7(c) ਬਲਰਾਜ ਸਾਹਨੀ ਰਚਿਤ 'ਮੇਰਾ ਪਾਕਿਸਤਾਨੀ ਸਫ਼ਰਨਾਮਾ' ਵਿੱਚ ਪਾਕਿਸਤਾਨ ਦਾ ਕਿਸ ਪ੍ਰਕਾਰ ਦਾ ਚਰਿਤ੍ਰ ਉਜਾਗਰ ਹੁੰਦਾ ਹੈ—ਚਰਚਾ ਕਰੋ। 10

Q. 8(a) ਨਾਨਕ ਸਿੰਘ ਦੇ ਦੋਵੇਂ ਨਾਵਲ "ਚਿੱਟਾ ਲਹੂ" ਅਤੇ "ਇੱਕ ਮਿਆਨ ਦੋ ਤਲਵਾਰਾਂ" ਪਰਸਪਰ ਵਿਰੋਧੀ ਕਿਸਮ ਦੇ ਪਾਤਰਾਂ ਤੇ ਆਧਾਰਿਤ ਹਨ। ਇਹਨਾਂ ਦੋਹਾਂ ਨਾਵਲਾਂ ਦੇ ਆਧਾਰ ਤੇ ਨਾਨਕ ਸਿੰਘ ਦੀ ਨਾਵਲਕਾਰੀ ਸੰਬੰਧੀ ਚਰਚਾ ਕਰੋ। 20

Q. 8(b) "ਸੰਤ ਸਿੰਘ ਸੇਖੋਂ ਸਾਹਿਤ ਅਨੁਭਵ ਦੇ ਸੁਭਾਉ ਉਪਰ ਵਿਚਾਰ ਕਰਦਿਆਂ ਇਸ ਦੇ ਕੇਵਲ ਵਿਚਾਰਧਾਰਕ ਪੱਖਾਂ ਨੂੰ ਕੇਂਦਰ ਬਣਾਉਂਦਾ ਹੈ। ਉਹ ਅਨੁਭਵ ਦੇ ਸੂਖ਼ਮ ਕਲਾਤਮਕ ਪੱਖ ਤੋਂ ਬੇ-ਨਿਆਜ਼ ਰਹਿੰਦਾ ਹੈ," ਇਸ ਕਥਨ ਤੇ ਚਰਚਾ ਕਰਦਿਆਂ ਆਪਣਾ ਮੱਤ ਸਪੱਸ਼ਟ ਕਰੋ। 20

Q. 8(c) "ਬਲਰਾਜ ਸਾਹਨੀ ਆਪਣੀ ਸ਼ੈਲੀ ਵਿੱਚ ਬਹੁਤ ਰਸਿਕ ਹੈ ਪਰ ਉਹ ਸਮਾਜਕ ਵਰਤਾਰਿਆਂ ਸੰਬੰਧੀ ਤਿੱਖੀ ਵਿਚਾਰਧਾਰਕ ਚੇਤਨਾ ਨਹੀਂ ਜਗਾਉਂਦਾ।" ਇਸ ਕਥਨ ਦੀ ਰੋਸ਼ਨੀ ਵਿੱਚ ਬਲਰਾਜ ਸਾਹਨੀ ਦੇ ਸਫਰਨਾਮਾ ਸਾਹਿਤ ਤੇ ਵਿਚਾਰ ਕਰੋ। 10

**C–AVZ–O–QOLB**

CS (Main) Exam:2015

# PUNJABI

**Paper—II**

**(Literature)**

*Time Allowed : Three Hours* | *Maximum Marks : 250*

**OUESTION PAPER SPECIFIC INSTRUCTIONS**

***Please read each of the following instructions carefully before attempting questions :***

*There are **EIGHT** questions divided in **Two Sections**.*

*Candidate has to attempt **FIVE** questions in all.*

*Question Nos. **1** and **5** are compulsory and out of the remaining, **THREE** are to be attempted choosing at least **ONE** question from each Section.*

*The number of marks carried by a question/part is indicated against it.*

*Answers must be written in **PUNJABI**.*

*Word limit in questions, wherever specified, should be adhered to.*

*Attempts of questions shall be counted in sequential order. Unless struck off, attempt of a question shall be counted even if attempted partly. Any page or portion of the page left blank in the answer book must be clearly struck off.*

---

## SECTION—A

Q.1. ਹੇਠ ਲਿਖੇ ਪੰਜਾਂ ਕਾਵਿ-ਟੋਟਿਆਂ ਦੀ ਪ੍ਰਸੰਗ ਸਹਿਤ ਆਲੋਚਨਾਤਮਕ ਵਿਆਖਿਆ ਕਰੋ (ਸ਼ਬਦ ਸੀਮਾਂ : 150) :— **10×5=50**

Q. 1(a) ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥
ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ ॥ 10

Q. 1(b) ਬੇਦਸ ਮਾਹ ਰੁਤੀ ਥਿਤੀ ਵਾਰ ਭਲੇ ॥
ਘੜੀ ਮੂਰਤ ਪਲ ਸਾਚੇ ਆਇ ਸਹਜਿ ਮਿਲੇ ॥
ਪ੍ਰਭ ਮਿਲੇ ਪਿਆਰੇ ਕਾਰਜ ਸਾਰੇ ਕਰਤਾ ਬਿਧਿ ਜਾਣੈ ॥
ਜਿਨਿ ਸੀਗਾਰਿ ਤਿਸਹਿ ਪਿਆਰੀ ਮੇਲੁ ਭਇਆ ਰੰਗੁ ਮਾਣੈ ॥ 10

Q. 1(c) ਮਾਣਸਖਾਣੇ ਕਰਹਿ ਨਿਵਾਜ।
ਛੁਰੀ ਵਗਾਇਨਿ ਤਿਨ ਗਲਿ ਤਾਗ।
ਤਿਨ ਘਰਿ ਬ੍ਰਹਮਣ ਪੂਰਹਿ ਨਾਦ।
ਓਨ੍ਹਾ ਭਿ ਆਵਹਿ ਓਹੀ ਸਾਦ।
ਕੂੜੀ ਰਾਸਿ ਕੂੜਾ ਵਾਪਾਰੁ। ਕੂੜੁ ਬੋਲਿ ਕਰਹਿ ਆਹਾਰੁ। 10

Q. 1(d) ਹੁਕਮ ਮੰਨ ਕੇ ਸਜਣਾਂ ਪਿਆਰਿਆਂ ਦਾ, ਕਿੱਸਾ ਅਜਬ ਬਹਾਰ ਦਾ ਜੋੜਿਆ ਏ
ਫ਼ਿਕਰਾ ਜੋੜ ਕੇ ਖੂਬ ਦਰੁਸਤ ਕੀਤਾ, ਨਵਾਂ ਫੁਲ ਗੁਲਾਬ ਦਾ ਤੋੜਿਆ ਏ
ਬਹੁਤ ਜੀਊ ਦੇ ਵਿੱਚ ਤਦਬੀਰ ਕਰਕੇ, ਫ਼ਰਹਾਦ ਪਹਾੜ ਨੂੰ ਤੋੜਿਆ ਏ
ਸਭਾ ਵੀਣ ਕੇ ਜ਼ੇਬ ਬਣਾਇ ਦਿਤਾ, ਜੇਹਾ ਇਤਰ ਗੁਲਾਬ ਨਿਚੋੜਿਆ ਏ। 10

Q. 1(e) ਨਾ ਮੈਂ ਮੋਮਨ ਵਿੱਚ ਮਸੀਤਾਂ, ਨਾ ਮੈਂ ਵਿੱਚ ਕੁਫ਼ਰ ਦੀਆਂ ਰੀਤਾਂ,
ਨਾ ਮੈਂ ਪਾਕਾਂ ਵਿੱਚ ਪਲੀਤਾਂ, ਨਾ ਮੈਂ ਮੂਸਾ ਨਾ ਫਰਔਨ।
ਬੁੱਲ੍ਹਾ ਕੀ ਜਾਣਾਂ ਮੈਂ ਕੌਣ। 10

Q. 2(a) "ਸ਼ੇਖ਼ ਫ਼ਰੀਦ ਦੀ ਬਾਣੀ ਵਿੱਚ ਇੱਕ ਡੂੰਘੇ ਤੇ ਵਿਸ਼ਾਲ ਜੀਵਨ ਅਨੁਭਵ, ਇੱਕ ਵਿਆਪਕ ਮਾਨਵਵਾਦੀ ਦ੍ਰਿਸ਼ਟੀ ਅਤੇ ਇੱਕ ਤੀਬਰ ਨੈਤਿਕ ਸੋਝੀ ਨੂੰ ਆਪਣੇ ਅਨੁਕੂਲ ਮੰਤਰ ਵੀ ਸੁਲੱਭ ਹੋ ਗਿਆ ਹੋਵੇ ਤੇ ਜੰਤਰ ਵੀ, ਅਰਥ ਵੀ ਤੇ ਆਕਾਰ ਵੀ।"—ਇਸ ਕਥਨ ਦੇ ਸੰਦਰਭ ਵਿੱਚ ਫ਼ਰੀਦ ਦੀ ਕਾਵਿ ਕਲਾ ਦੀਆਂ ਖੂਬੀਆਂ ਬਿਆਨ ਕਰੋ। 20

Q. 2(b) ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਵਿੱਚ ਧਾਰਮਿਕ ਕਰਮਕਾਂਡ ਦੀ ਥਾਂ ਪ੍ਰੇਮਾ-ਭਗਤੀ ਦੀ ਵਕਾਲਤ ਹੋਈ ਹੈ। ਉਸ ਪ੍ਰੇਮ ਜਾਂ ਇਸ਼ਕ ਸੰਕਲਪ ਫ਼ਿਰਕੂ, ਨਸਲੀ ਤੇ ਜਾਤੀ ਵਿਤਕਰਿਆਂ ਦੀ ਥਾਂ ਮਨੁੱਖੀ ਏਕਤਾ, ਸਦਭਾਵਨਾ ਤੇ ਭਾਈਚਾਰਕ ਸਾਂਝ ਦਾ ਸੰਦੇਸ਼ ਦਿੰਦਾ ਹੈ, ਵਿਚਾਰ ਕਰੋ। 10

Q. 2(c) ਵਾਰਿਸ ਸ਼ਾਹ ਦੀ ਹੀਰ ਵਿਚਲੀਆਂ ਉਨ੍ਹਾਂ ਜੁਗਤਾਂ ਦਾ ਵਿਸ਼ਲੇਸ਼ਣ ਪ੍ਰਸਤੁਤ ਕਰੋ ਜਿਨ੍ਹਾਂ ਦੀ ਸਹਾਇਤਾ ਨਾਲ ਉਸ ਨੇ ਇਸ ਸਾਹਿਤਕ ਰਚਨਾ ਦਾ ਉਸਾਰ ਉਸਾਰਿਆ ਹੈ। 20

Q. 3(a) "ਕਿੱਸਾ ਹੀਰ ਵਾਰਿਸ ਵਿਚਲੀ ਮੁੱਖ-ਥੀਮ ਵਰਜਣਾ ਦੇ ਘੇਰੇ ਵਿੱਚ ਘਿਰੀ ਹੋਈ ਆਸ਼ਕੀ ਨੂੰ ਇੱਕ ਵਿਦਰੋਹੀ ਮੁੱਲ ਬਣਾ ਕੇ ਪੇਸ਼ ਕਰਨ ਦੀ ਹੈ", ਇਸ ਧਾਰਨਾ ਦਾ ਵਿਸ਼ਲੇਸ਼ਣ ਪੇਸ਼ ਕਰੋ। 20

Q. 3(b) ਬੁਲ੍ਹੇ ਸ਼ਾਹ ਦੀਆਂ ਕਾਫ਼ੀਆਂ ਵਿੱਚ ਉਸਦੇ ਤਤਕਾਲੀਨ ਸਮਾਜ ਦੇ ਧਾਰਮਿਕ, ਰਾਜਸੀ ਅਤੇ ਮਾਨਵ ਵਿਰੋਧੀ ਕਿਰਦਾਰ ਨੂੰ ਜਿਵੇਂ ਉਘਾੜਿਆ ਗਿਆ ਹੈ ਉਸਦੀ ਮਿਸਾਲਾਂ ਸਹਿਤ ਵਿਆਖਿਆ ਕਰੋ। 20

Q. 3(c) ਬਾਰਹ ਮਾਹ ਤੁਖ਼ਾਰੀ ਵਿੱਚ ਲੋਕ ਕਾਵਿ-ਰੂਪ ਦਾ ਅਧਿਆਤਮਕ ਰੂਪਾਂਤਰਣ ਕਿਵੇਂ ਹੋਇਆ ਹੈ? ਇਸ ਉਪਰ ਆਲੋਚਨਾਤਮਕ ਟਿੱਪਣੀ ਪੇਸ਼ ਕਰੋ। 10

Q. 4(a) ਸ਼ੇਖ਼ ਫ਼ਰੀਦ ਦੀ ਬਾਣੀ ਵਿੱਚੋਂ ਉਘੜਦੇ ਨੈਤਿਕ ਮੁੱਲ ਵਿਧਾਨ ਦਾ ਵਿਸ਼ਲੇਸ਼ਣ ਪ੍ਰਸਤੁਤ ਕਰੋ। 20

Q. 4(b) ਆਸਾ ਦੀ ਵਾਰ ਵਿੱਚ ਗੁਰੂ ਨਾਨਕ ਦੇਵ ਨੇ ਹਰ ਪ੍ਰਕਾਰ ਦੇ ਦਿਖਾਵੇ ਅਤੇ ਪਖੰਡ ਦਾ ਪਾਜ ਉਘਾੜ ਕੇ ਵਿਦਰੋਹੀ ਸੁਰ ਨੂੰ ਬੁਲੰਦ ਕੀਤਾ ਹੈ—ਕਿਵੇਂ? ਚਰਚਾ ਕਰੋ। 20

Q. 4(c) ਬੁਲ੍ਹੇ ਸ਼ਾਹ ਦੀਆਂ ਕਾਫ਼ੀਆਂ ਵਿਚਲੀ ਵਿਦਰੋਹੀ ਸੁਰ ਦੀ ਵਿਆਖਿਆ ਕਰੋ। 10

## SECTION—B

Q.5. ਹੇਠ ਲਿਖੇ ਪੰਜਾਂ ਸਾਹਿਤਕ ਖੰਡਾਂ ਦੀ ਪ੍ਰਸੰਗ ਸਹਿਤ ਆਲੋਚਨਾਤਮਕ ਵਿਆਖਿਆ ਕਰੋ (ਸ਼ਬਦ ਸੀਮਾਂ : 150) :— 10×5=50

Q. 5(a) ਸਿੰਘਾਂ ਮਾਰ ਸਰਦਾਰਾਂ ਦਾ ਨਾਸ ਕੀਤਾ, ਸਭੇ ਕਤਲ ਹੋਏ ਵਾਰੋ ਵਾਰ ਮੀਆਂ।
ਸਿਰ ਫੌਜ ਦੇ ਰਿਹਾ ਨਾ ਕੋਈ ਕੁੰਡਾ, ਹੋਏ ਸ਼ੁਤਰ ਜਿਉਂ ਬਾਝ ਮੁਹਾਰ ਮੀਆਂ।
ਸ਼ਾਹ ਮੁਹੰਮਦਾ ਫਿਰਨ ਸਰਦਾਰ ਲੁਕਦੇ, ਭੂਤ ਮੰਡਲੀ ਹੋਈ ਤਿਆਰ ਮੀਆਂ। 10

Q. 5(b) ਅਦਾਲਤੀ ਕਾਨੂੰਨ, ਧਨਵਾਨਾਂ ਦਾ ਨੌਕਰ ਤੇ ਨਿਰਧਨਾਂ ਦਾ ਮਾਲਕ ਹੈ। ਉਹ ਅਮੀਰਾਂ ਦੇ ਹੁਕਮ ਵਿੱਚ ਤੁਰਦਾ ਹੈ ਤੇ ਗਰੀਬਾਂ ਨੂੰ ਆਪਣੇ ਹੁਕਮ ਵਿੱਚ ਤੋਰਦਾ ਹੈ। 10

Q. 5(c) "... ਤੂੰ ਮੈਨੂੰ ਵੀ ਲੋਹਾ ਹੀ ਸਮਝਿਆ। ਲੋਹਾ ਜਿਸ ਵਿੱਚ ਨਾ ਕੋਈ ਰੀਝ, ਨਾ ਸੱਧਰ, ਨਾ ਤੜਪ। ਤੇਰਾ ਪਿਆਰ ? ਅੰਨ੍ਹਾਂ ਤੇ ਜ਼ਾਲਿਮ। ਸਰੀਰ ਦੀ ਇਕਪਾਸੜ ਤੜਪ।" 10

Q. 5(d) ਕੋਈ ਖ਼ਜ਼ਾਨਾ, ਕੋਈ ਸ਼ੁਹਰਤ, ਕੋਈ ਮਲਕੀਅਤ, ਉਸ ਖੀਵੇ ਦਿਲ ਦੀ ਬਾਦਸ਼ਾਹਤ ਨਾਲ ਨਹੀਂ ਤੁਲ ਸਕਦੇ, ਜਿਦ੍ਹੇ ਵਿੱਚ ਹੁਸਨ ਤਾਂਘ ਨੇ ਦੁਨੀਆਂ ਦੇ ਸਾਰੇ ਹੁਸੀਨ ਲਿਆ ਵਸਾਏ ਹਨ.....ਉਹ ਦਿਲ ਅਸਲੀ ਬਾਦਸ਼ਾਹ ਹੈ, ਜਿਦ੍ਹੀ ਛਾਤੀ ਵਿੱਚ ਹਰੇਕ ਮੁਖ ਕੋਈ ਰਸੀਲੀ ਛੇੜ ਛਾੜ ਕਰਦਾ ਹੈ। 10

Q. 5(e) ਕਵਿਤਾ ਦਾ ਇੱਕ ਕਰਤਵ ਮਨੁੱਖ ਨੂੰ ਪ੍ਰਾਪਤੀ ਲਈ ਪ੍ਰੇਰਣਾ ਤੇ ਸ਼ਕਤੀ ਦਾਨ ਕਰਨਾ ਹੈ। ਇਹ ਪ੍ਰੇਰਣਾ ਤੇ ਸ਼ਕਤੀ ਮਨੁੱਖ ਦੇ ਮਨੋਭਾਵਾਂ ਨੂੰ ਉਤੇਜਿਤ ਕਰਕੇ ਉਸ ਦੇ ਕਰਮ ਨੂੰ ਪ੍ਰਭਾਵਿਤ ਕਰਦੀ ਹੈ। ਕਵਿਤਾ ਦੇ ਬਲੀ ਹੋਣ ਦਾ ਮਾਪ ਇਸ ਦੀ ਮਨੁੱਖ ਦੇ ਅੰਤ੍ਰੀਵ ਭਾਵਾਂ ਨੂੰ ਉਤੇਜਿਤ ਕਰਨ ਵਾਲੀ ਇਹ ਸ਼ਕਤੀ ਹੀ ਹੈ। 10

Q. 6(a) ਸ਼ਾਹ ਮੁਹੰਮਦ ਦੀ ਰਚਨਾ ਜੰਗ ਸਿੰਘਾਂ ਤੇ ਫਿਰੰਗੀਆਂ ਵਿੱਚ ਵੱਖ-ਵੱਖ ਕਾਵਿ ਰੂਪਾਂ ਜਿਵੇਂ ਜੰਗਨਾਮਾ, ਵਾਰ, ਕਿੱਸਾ ਦੀਆਂ ਜੁਗਤਾਂ ਦਾ ਮਿਸ਼ਰਣ ਪ੍ਰਸਤੁਤ ਹੋਇਆ ਹੈ—ਚਰਚਾ ਕਰੋ। 20

Q. 6(b) 'ਲੋਹਾ ਕੁੱਟ' ਦੇ ਵਿਸ਼ਲੇਸ਼ਣ ਦੇ ਆਧਾਰ ਉਪਰ ਇਸ ਨਾਟਕ ਵਿਚਲੇ ਪ੍ਰਤੀਕ-ਪ੍ਰਬੰਧ ਦੀ ਵਿਆਖਿਆ ਕਰੋ। 10

Q. 6(c) "ਗੁਰਬਖ਼ਸ਼ ਸਿੰਘ ਨੇ ਪੰਜਾਬੀ ਵਾਰਤਕ ਵਿੱਚ ਮਜ਼੍ਹਬੀ ਕੱਟੜਤਾ ਅਤੇ ਅੰਧ-ਵਿਸ਼ਵਾਸ ਦੇ ਖਿਲਾਫ਼ ਜੰਗ ਛੇੜਦੇ ਹੋਏ ਪ੍ਰੀਤ ਫ਼ਲਸਫ਼ੇ ਨੂੰ ਪ੍ਰਚਾਰਿਆ", ਇਸ ਸੰਦਰਭ ਵਿੱਚ ਗੁਰਬਖਸ਼ ਸਿੰਘ ਦੀ ਵਾਰਤਕ ਸੰਬੰਧੀ ਚਰਚਾ ਕਰੋ। 20

Q. 7(a) ਨਾਨਕ ਸਿੰਘ ਵਿਅਕਤੀ ਦੇ ਮਨ-ਪਰਿਵਰਤਨ ਰਾਹੀਂ ਸਮਾਜ ਸੁਧਾਰ ਅਤੇ ਕ੍ਰਾਂਤੀ ਦਾ ਵਿਚਾਰ ਪੇਸ਼ ਕਰਨ ਵਾਲਾ ਆਦਰਸ਼ਵਾਦੀ ਨਾਵਲਕਾਰ ਹੈ। 'ਪਵਿੱਤਰ ਪਾਪੀ' ਨਾਵਲ ਦੇ ਹਵਾਲੇ ਨਾਲ ਇਸ ਬਾਰੇ ਚਰਚਾ ਕਰੋ। 20

Q. 7(b) ਧਨੀ ਰਾਮ ਚਾਤ੍ਰਿਕ ਪੰਜਾਬੀ ਸੁਭਾਅ, ਪੰਜਾਬੀਆਂ ਦੀਆਂ ਮੂਲ ਅਕਾਂਖਿਆਵਾਂ ਤੇ ਇਨ੍ਹਾਂ ਦੀਆਂ ਰੁਮਾਂਟਿਕ ਦਿਲਲਗੀਆਂ ਨੂੰ ਬਾਰੀਕੀ ਨਾਲ ਸਮਝਣ ਤੇ ਪੇਸ਼ ਕਰਨ ਵਾਲਾ ਸ਼ਾਇਰ ਹੈ। ਇਸ ਧਾਰਨਾ ਦੇ ਆਧਾਰ ਉਪਰ ਧਨੀ ਰਾਮ ਚਾਤ੍ਰਿਕ ਦੀ ਸ਼ਾਇਰੀ ਸੰਬੰਧੀ ਚਰਚਾ ਕਰੋ। 20

Q. 7(c) "ਬਲਰਾਜ ਸਾਹਨੀ ਮੇਰਾ ਪਾਕਿਸਤਾਨੀ ਸਫ਼ਰਨਾਮਾ ਵਿੱਚ ਪੰਜਾਬੀਆਂ ਦੇ ਜਜ਼ਬੇ ਅਤੇ ਵੰਡ ਦੇ ਦੁੱਖਾਂ ਨੂੰ ਚਿਤ੍ਰਦਾ ਹੈ ਅਤੇ ਵਤਨ ਦੀ ਮਿੱਟੀ ਦੀ ਸਾਂਝ ਤੇ ਸਭਿਆਚਾਰਕ ਉਦਰੇਵੇਂ ਨੂੰ ਪ੍ਰਭਾਵਸ਼ਾਲੀ ਰੂਪ ਵਿੱਚ ਬਿਆਨ ਕਰਦਾ ਹੈ"—ਚਰਚਾ ਕਰੋ। 10

Q. 8(a) ਨਾਨਕ ਸਿੰਘ ਦਾ ਨਾਵਲ ਚਿੱਟਾ ਲਹੂ ਪੰਜਾਬੀ ਦਾ ਪਹਿਲਾ ਯਥਾਰਥਵਾਦੀ ਨਾਵਲ ਹੈ—ਇਸ ਕਥਨ ਦੀ ਰੌਸ਼ਨੀ ਵਿੱਚ ਚਿੱਟਾ ਲਹੂ ਵਿੱਚ ਪੇਸ਼ ਸਮੱਸਿਆਵਾਂ ਉੱਪਰ ਰੌਸ਼ਨੀ ਪਾਓ। 20

Q. 8(b) ਸੰਤ ਸਿੰਘ ਸੇਖੋਂ ਸਾਹਿਤ ਚਿੰਤਨ ਦੇ ਸਿੱਧਾਂਤਕ ਸਰੋਕਾਰਾਂ ਦਾ ਵਿਸ਼ਲੇਸ਼ਣ ਪ੍ਰਸਤੁਤ ਕਰੋ। 20

Q. 8(c) "ਗੁਰਬਖ਼ਸ਼ ਸਿੰਘ ਨੇ ਆਪਣੀ ਵਾਰਤਕ ਸ਼ੈਲੀ ਦੀ ਵਿਲੱਖਣਤਾ ਰਾਹੀਂ ਪੰਜਾਬੀ ਵਾਰਤਕ ਨੂੰ ਸਿਖਰਾਂ ਤੇ ਪਹੁੰਚਾ ਦਿੱਤਾ"—ਇਸ ਕਥਨ ਦੀ ਰੌਸ਼ਨੀ ਵਿੱਚ ਗੁਰਬਖ਼ਸ਼ ਸਿੰਘ ਦੀ ਵਾਰਤਕ ਸ਼ੈਲੀ ਦੇ ਉਭਰਵੇਂ ਗੁਣਾਂ ਨੂੰ ਉਘਾੜੋ। 10

CS (MAIN) Exam:2016

**M-ESC-D-PJB**

# ਪੰਜਾਬੀ / PUNJABI

## ਪੇਪਰ II / Paper II

## ( ਸਾਹਿਤ ) / ( LITERATURE )

| | |
|---|---|
| *ਨਿਰਧਾਰਿਤ ਸਮਾਂ : **ਤਿੰਨ** ਘੰਟੇ*<br>*Time Allowed : **Three** Hours* | *ਕੁੱਲ ਅੰਕ :* **250**<br>*Maximum Marks :* **250** |

### ਪ੍ਰਸ਼ਨ ਪੱਤਰ ਲਈ ਵਿਸ਼ੇਸ਼ ਹਦਾਇਤਾਂ

***ਕ੍ਰਿਪਾ ਕਰਕੇ ਪ੍ਰਸ਼ਨਾਂ ਦਾ ਉਤਰ ਦੇਣ ਤੋਂ ਪਹਿਲਾਂ ਨਿਮਨ ਲਿਖਿਤ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ :***

*ਪ੍ਰਸ਼ਨ ਪੱਤਰ ਵਿੱਚ ਕੁਲ **ਅੱਠ** ਪ੍ਰਸ਼ਨ ਹਨ ਜੋ **ਦੋ ਭਾਗਾਂ** ਵਿਚ ਵੰਡੇ ਹੋਏ ਹਨ ।*

*ਉਮੀਦਵਾਰ ਨੇ ਕੁਲ **ਪੰਜ** ਪ੍ਰਸ਼ਨ ਕਰਨੇ ਹਨ ।*

*ਪ੍ਰਸ਼ਨ ਨੰਬਰ **1** ਅਤੇ **5** ਲਾਜ਼ਮੀ ਹਨ । ਬਾਕੀ ਪ੍ਰਸ਼ਨਾਂ ਵਿਚੋਂ ਕੋਈ **ਤਿੰਨ** ਪ੍ਰਸ਼ਨ ਕਰੋ ਪਰੰਤੂ ਦੋਵੇਂ ਭਾਗਾਂ ਵਿਚੋਂ ਘੱਟੋ ਘੱਟ **ਇੱਕ-ਇੱਕ** ਪ੍ਰਸ਼ਨ ਜ਼ਰੂਰ ਚੁਣੋ ।*

*ਹਰ ਪ੍ਰਸ਼ਨ / ਭਾਗ ਦੇ ਅੰਕ ਉਸ ਦੇ ਨਾਲ ਹੀ ਦਸੇ ਗਏ ਹਨ ।*

*ਪ੍ਰਸ਼ਨਾਂ ਦੇ ਉਤਰ **ਪੰਜਾਬੀ** ਵਿਚ ਹੀ ਦਿਓ ।*

*ਪ੍ਰਸ਼ਨਾਂ ਦੇ ਉਤਰ ਲਈ ਸ਼ਬਦਾਂ ਦੀ ਸੀਮਾਂ ਜਿੱਥੇ ਵੀ ਦਿੱਤੀ ਹੈ, ਉਸ ਦੀ ਜ਼ਰੂਰ ਪਾਲਣਾ ਕਰੋ ।*

*ਪ੍ਰਸ਼ਨਾਂ ਦੇ ਉਤਰਾਂ ਦਾ ਮੁਲਾਂਕਣ ਕਰਦੇ ਸਮੇਂ ਉਤਰਾਂ ਦੀ ਕ੍ਰਮ ਲੜੀ ਨੂੰ ਸਾਹਮਣੇ ਰੱਖਿਆ ਜਾਵੇਗਾ । ਜਿਸ ਉਤਰ ਨੂੰ ਕਟਿਆ ਨਾ ਗਿਆ ਉਸ ਦਾ ਮੁਲਾਂਕਣ ਕਰ ਲਿਆ ਜਾਵੇਗਾ, ਭਾਵੇਂ ਉਹ ਅਧੂਰਾ ਹੀ ਹੋਇਆ । ਉਤਰ ਪੱਤਰੀ ਦਾ ਕੋਈ ਵੀ ਪੰਨਾ ਜਾਂ ਪੰਨੇ ਦਾ ਖਾਲੀ ਹਿਸਾ ਜੇ ਖਾਲੀ ਹੈ ਤਾਂ ਉਸ ਉਤੇ ਕਾਟਾ ਮਾਰਨਾ ਜ਼ਰੂਰੀ ਹੈ ।*

### QUESTION PAPER SPECIFIC INSTRUCTIONS

***Please read each of the following instructions carefully before attempting questions :***

*There are **EIGHT** questions divided in **TWO SECTIONS**.*

*Candidate has to attempt **FIVE** questions in all.*

*Questions no. **1** and **5** are compulsory and out of the remaining, any **THREE** are to be attempted choosing at least **ONE** from each section.*

*The number of marks carried by a question / part is indicated against it.*

*Answers must be written in **PUNJABI**.*

*Word limit in questions, wherever specified, should be adhered to.*

*Attempts of questions shall be counted in sequential order. Unless struck off, attempt of a question shall be counted even if attempted partly. Any page or portion of the page left blank in the Question-cum-Answer Booklet must be clearly struck off.*

## SECTION A

**Q1.** **ਹੇਠ ਲਿਖੇ ਪੰਜਾਂ ਕਾਵਿ-ਟੋਟਿਆਂ ਦੀ ਪ੍ਰਸੰਗ ਸਹਿਤ ਆਲੋਚਨਾਤਮਕ-ਵਿਆਖਿਆ ਕਰੋ ।**
**(ਸ਼ਬਦ ਸੀਮਾ : 150 ਹਰੇਕ)** ***10×5=50***

(a) ਫ਼ਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ ॥
ਨਉਬਤਿ ਵਜੀ ਸੁਬਹ ਸਿਉ ਚਲਣ ਕਾ ਕਰਿ ਸਾਜੁ ॥ *10*

(b) ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ ॥
ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ ॥
ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥
ਗੁਰਾ ਇਕ ਦੇਹਿ ਬੁਝਾਈ ॥
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥ *10*

(c) ਘੜਿਆਲੀ ਦਿਉ ਨਿਕਾਲ ਨੀ । ਅੱਜ ਪੀ ਘਰ ਆਇਆ ਲਾਲ ਨੀ ।
ਘੜੀ ਘੜੀ ਘੜਿਆਲ ਬਜਾਵੇ, ਰੈਣ ਵਸਲ ਦੀ ਪਿਆ ਘਟਾਵੇ,
ਮੇਰੇ ਮਨ ਦੀ ਬਾਤ ਜੋ ਪਾਵੇ, ਹੱਥੋਂ ਚਾ ਸੁੱਟੋ ਘੜਿਆਲ ਨੀ ।
ਅੱਜ ਪੀ ਘਰ ਆਇਆ ਲਾਲ ਨੀ ।
ਅਨਹਦ ਵਾਜਾ ਵੱਜੇ ਸੁਹਾਨਾ, ਮੁਤਰਿਬ ਸੁਘੜਾ ਤਾਨ ਤਰਾਨਾ,
ਨਿਮਾਜ਼ ਰੋਜ਼ਾ ਭੁੱਲ ਗਿਆ ਦੁਗਾਨਾ, ਮਧ ਪਿਆਲਾ ਦੇਣ ਕਲਾਲ ਨੀ ।
ਅੱਜ ਪੀ ਘਰ ਆਇਆ ਲਾਲ ਨੀ । *10*

(d) ਲੈ ਵੇ ਰਾਂਝਿਆ ਵਾਹ ਮੈਂ ਲਾ ਥੱਕੀ, ਸਾਡੇ ਵੱਸ ਥੀਂ ਗੱਲ ਬੇਵੱਸ ਹੋਈ ।
ਕਾਜ਼ੀ ਮਾਪਿਆਂ ਜ਼ਾਲਮਾਂ ਬੰਨ੍ਹ ਟੋਰੀ, ਸਾਡੀ ਤੈਂਡੜੀ ਦੋਸਤੀ ਬੱਸ ਹੋਈ ।
ਘਰ ਖੇੜਿਆਂ ਦੇ ਨਹੀਂ ਵੱਸਣਾ ਮੈਂ ਸਾਡੀ ਉਨ੍ਹਾਂ ਦੇ ਨਾਲ ਖ਼ਰਖ਼ੱਸ ਹੋਈ ।
ਜਾਹ ਜੀਵਾਂਗੀ ਮਿਲਾਂਗੀ ਰੱਬ ਮੇਲੇ, ਹਾਲ ਸਾਲ ਤਾਂ ਦੋਸਤੀ ਬੱਸ ਹੋਈ ।
ਲੱਗਾ ਤੀਰ ਜੁਦਾਈ ਦਾ ਮੀਆਂ ਵਾਰਿਸ, ਸਾਡੇ ਵਿਚ ਕਲੇਜੜੇ ਧੱਸ ਹੋਈ । *10*

(e) ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ।।

ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ।।

ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ।।

ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ ।।

ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ।।

ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ।।

ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ।।

ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ।।

ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ।।

ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ।।2।। *10*

**Q2.** (a) "ਬਾਣੀ ਸ਼ੇਖ਼ ਫ਼ਰੀਦ, ਰਹੱਸਵਾਦੀ ਅਨੁਭਵ ਅਤੇ ਨੈਤਿਕ-ਚੇਤਨਾ ਦਾ ਸੁਮੇਲਵਾਂ ਬਿੰਬ ਪੇਸ਼ ਕਰਦੀ ਹੈ," ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਕਲਾਮ ਸ਼ੇਖ਼ ਫ਼ਰੀਦ ਦੇ ਆਧਾਰ 'ਤੇ, ਇਸ ਕਥਨ ਦੀ ਪੁਸ਼ਟੀ ਕਰੋ । (ਸ਼ਬਦ ਸੀਮਾ : 250) *20*

(b) ਗੁਰੂ ਨਾਨਕ ਦੇਵ ਰਚਿਤ ਬਾਣੀ 'ਜਪੁ ਜੀ' ਵਿਚ ਵਰਣਿਤ 'ਪੰਜ ਖੰਡਾਂ' ਦਾ ਦਾਰਸ਼ਨਿਕ-ਦ੍ਰਿਸ਼ਟੀ ਤੋਂ ਵਿਸ਼ੇਸ਼ ਮਹੱਤਵ ਉਜਾਗਰ ਕਰੋ । (ਸ਼ਬਦ ਸੀਮਾ : 250) *20*

(c) "ਕਿੱਸ਼ਾ 'ਹੀਰ ਵਾਰਿਸ' ਦਾ ਸੰਗਠਨ, ਸਮੁੱਚੇ ਤੌਰ 'ਤੇ 'ਨਕਲ' ਦੀ ਵਿਧਾ ਨਾਲ ਮੇਲ ਖਾਂਦਾ ਹੈ," ਕਥਨ ਨਾਲ ਤੁਸੀਂ ਕਿੱਥੋਂ ਤੱਕ ਸਹਿਮਤ ਹੋ ? ਚਰਚਾ ਕਰੋ । (ਸ਼ਬਦ ਸੀਮਾ : 150) *10*

**Q3.** (a) ਗੁਰੂ ਨਾਨਕ ਦੇਵ ਰਚਿਤ ਬਾਣੀ 'ਆਸਾ ਦੀ ਵਾਰ' ਨੂੰ, ਸਿੱਖ ਸਭਿਆਚਾਰ ਦਾ ਨਿਰਮਾਣ ਕਰਨ ਵਾਲ਼ੀ ਵਾਰ ਕਿਉਂ ਕਿਹਾ ਜਾਂਦਾ ਹੈ ? ਚਰਚਾ ਕਰੋ । (ਸ਼ਬਦ ਸੀਮਾ : 250) *20*

(b) "ਕਾਫ਼ੀਆਂ ਸਾਈਂ ਬੁਲ੍ਹੇ ਸ਼ਾਹ ਵਿਚ, ਬੰਦੇ ਅਤੇ ਖ਼ੁਦਾ ਦੀ ਰੂਹਾਨੀ ਏਕਤਾ ਉੱਤੇ ਬਲ ਦਿੱਤਾ ਗਿਆ ਹੈ," ਕਥਨ ਦੀ ਪੁਸ਼ਟੀ ਉਦਾਹਰਣਾਂ ਸਹਿਤ ਕਰੋ । (ਸ਼ਬਦ ਸੀਮਾ : 250) *20*

(c) " 'ਹੀਰ ਵਾਰਿਸ' ਵਿਚਲਾ ਨਾਇਕ, ਆਸ਼ਕੀ ਅਤੇ ਫ਼ਕੀਰੀ ਦੇ ਸੁਮੇਲ ਨੂੰ ਪ੍ਰਦਰਸ਼ਿਤ ਕਰਦਾ ਹੈ," ਕਥਨ ਦੇ ਹੱਕ ਜਾਂ ਵਿਰੋਧ ਵਿਚ ਆਪਣੇ ਵਿਚਾਰ ਪਰਗਟ ਕਰੋ । (ਸ਼ਬਦ ਸੀਮਾ : 150) *10*

**Q4.** (a) ਗੁਰੂ ਨਾਨਕ ਦੇਵ ਰਚਿਤ ਬਾਣੀ 'ਬਾਰਾਮਾਹ' ਦੀਆਂ ਰੂਪਾਕਾਰਕ-ਵਿਸ਼ੇਸ਼ਤਾਵਾਂ ਬਿਆਨ ਕਰੋ । (ਸ਼ਬਦ ਸੀਮਾ : 250) *20*

(b) ਬਾਣੀ ਸ਼ੇਖ਼ ਫ਼ਰੀਦ ਵਿਚ ਮੌਤ ਅਤੇ ਨਾਸ਼ਮਾਨਤਾ ਦੇ ਕਿਹੋ ਜਿਹੇ ਕਾਵਿ-ਬਿੰਬ ਸਿਰਜੇ ਗਏ ਹਨ ? ਉਦਾਹਰਣਾਂ ਦੇ ਕੇ ਸਪੱਸ਼ਟ ਕਰੋ । (ਸ਼ਬਦ ਸੀਮਾ : 250) *20*

(c) ਕਾਫ਼ੀਆਂ ਸਾਈਂ ਬੁਲ੍ਹੇ ਸ਼ਾਹ 'ਚੋਂ ਉੱਭਰਣ ਵਾਲ਼ੀ ਸੂਫ਼ੀ-ਵਿਚਾਰਧਾਰਾ ਉਪਰ ਰੌਸ਼ਨੀ ਪਾਉ । (ਸ਼ਬਦ ਸੀਮਾ : 150) *10*

## SECTION B

**Q5. ਹੇਠ ਲਿਖੇ ਪੰਜਾਂ ਸਾਹਿਤਕ ਖੰਡਾਂ ਦੀ ਪ੍ਰਸੰਗ ਸਹਿਤ ਆਲੋਚਨਾਤਮਕ-ਵਿਆਖਿਆ ਕਰੋ ।**
**(ਸ਼ਬਦ ਸੀਮਾ : 150 ਹਰੇਕ)** *10×5=50*

(a) ਪਿੱਛੇ ਇਕ ਸਰਕਾਰ ਦੇ ਖੇਡ ਚੱਲੀ,
ਪਈ ਨਿੱਤ ਹੁੰਦੀ ਮਾਰੋ ਮਾਰ ਮੀਆਂ ।
ਸਿੰਘਾਂ ਮਾਰ ਸਰਦਾਰਾਂ ਦਾ ਨਾਸ ਕੀਤਾ,
ਸੱਭੋ ਕ਼ਤਲ ਹੋਏ ਵਾਰੋ ਵਾਰ ਮੀਆਂ ।
ਸਿਰ ਫ਼ੌਜ ਦੇ ਰਿਹਾ ਨਾ ਕੋਈ ਕੁੰਡਾ,
ਹੋਏ ਸ਼ੁਤਰ ਜਿਉਂ ਬਾਝ ਮੁਹਾਰ ਮੀਆਂ ।
ਸ਼ਾਹ ਮੁਹੰਮਦਾ, ਫਿਰਨ ਸਰਦਾਰ ਲੁਕਦੇ,
ਭੂਤ ਮੰਡਲੀ ਹੋਈ ਤਿਆਰ ਮੀਆਂ ।4। *10*

(b) ਨੇਮ ਕਹੇ ਮੈਂ ਜ਼ੁਹਦ ਕਮਾ ਕੇ, ਜੰਨਤ ਦੇ ਵਿਚ ਜਾਣਾ ਹੈ,
ਪ੍ਰੇਮ ਕਹੇ ਅਸਾਂ ਏਸੇ ਜਗ ਵਿਚ, ਨਵਾਂ ਬਹਿਸ਼ਤ ਬਣਾਣਾ ਹੈ ।
ਨੇਮ ਕਹੇ ਮੈਂ ਫ਼ਲਾਸਫ਼ਿਆਂ ਦਾ, ਉੱਚਾ ਤੰਬੂ ਤਾਣ ਲਿਆ,
ਪ੍ਰੇਮ ਕਹੇ ਮੈਂ ਬੇ-ਇਲਮਾਂ ਵਿਚ, ਵੱਸਦਾ ਰੱਬ ਪਛਾਣ ਲਿਆ ।
ਨੇਮ ਕਹੇ ਮੈਂ ਲੀਹਾਂ ਕਦੀਮੀ, ਉੱਤੇ ਉੱਤੇ ਜਾਣਾ ਹੈ,
ਪ੍ਰੇਮ ਕਹੇ ਮੈਂ ਜੁਗ ਜੁਗ ਦੇ ਵਿਚ, ਨਵਾਂ ਲਿਬਾਸ ਵਟਾਣਾ ਹੈ । *10*

(c) "ਕਈ ਵਾਰੀ ਐਸਾ ਹੁੰਦਾ ਹੈ ਕਿ ਭਵਿੱਖ ਵਿਚ ਵਾਪਰਨ ਵਾਲੀ ਕਿਸੇ ਦੁਰਘਟਨਾ ਦਾ ਨਿੰਮ੍ਹਾ ਜਿਹਾ ਝਾਵਲਾ, ਸਾਨੂੰ ਵਰਤਮਾਨ ਵਿਚੋਂ, ਕਿਸੇ ਨਾ ਕਿਸੇ ਸ਼ਕਲ ਵਿਚ ਪੈਣ ਲੱਗ ਪੈਂਦਾ ਹੈ । ਪੰਨਾ ਲਾਲ ਜਦ ਕੰਮ 'ਤੇ ਜਾਣ ਲਈ ਘਰੋਂ ਨਿਕਲਿਆ ਸੀ ਤਾਂ ਮਾਇਆ ਬੂਹੇ ਵਿਚ ਖਲੋਤੀ, ਜਦ ਤੋੜੀ ਉਹ ਉਸਨੂੰ ਨਜ਼ਰੀਂ ਆਉਂਦਾ ਰਿਹਾ, ਉਸ ਦੀ ਪਿੱਠ ਵੇਖਦੀ ਰਹੀ ।" *10*

(d) "ਗਿਆਨ ਰੌਸ਼ਨੀ ਹੈ, ਮੁਕਤੀ ਹੈ, ਪਰਮ ਅਨੰਦ ਹੈ । ਗਿਆਨ ਤੋਂ ਮੇਰਾ ਭਾਵ, ਕਿਸੇ ਆਤਮਕ ਰਹੱਸ ਦੀ ਇਹੋ ਜਿਹੀ ਕੁੰਜੀ ਨਹੀਂ ਜਿਹੜੀ ਸਮਾਧੀ, ਸਿਮਰਨ ਜਾਂ ਪੂਜਾ ਨਾਲ ਕਿਸੇ ਅਲੌਕਿਕ ਹਸਤੀ ਕੋਲੋਂ ਵਰ ਦੀ ਸ਼ਕਲ ਵਿਚ, ਕਿਸੇ ਵਿਅਕਤੀ ਨੂੰ ਉਸ ਦੇ ਨਿੱਜੀ ਆਨੰਦ ਲਈ ਮਿਲਦੀ ਹੈ, ਸਗੋਂ ਉਹ ਸਰਬ-ਸਹਾਇਕ ਚਾਨਣ ਹੈ ਜਿਹੜਾ ਹਰ ਮਨੁੱਖੀ ਨਸਲ ਦੀ ਖੋਜ, ਮਨੁੱਖੀ ਅਭਿਆਸ, ਤਜਰਬੇ ਤੇ ਦ੍ਰਿਸ਼ਟੀ ਨਾਲ, ਬ੍ਰਹਿਮੰਡ ਦੀ ਸਮੁੱਚੀ ਅਸਲੀਅਤ ਬਾਰੇ ਇੱਕਠਾ ਹੁੰਦਾ ਤੇ ਵੱਧਦਾ ਰਹਿੰਦਾ ਹੈ । ਉਸ ਵਿਚਾਰਵਾਨ ਨੇ ਪੂਰਨ ਧਰਮ ਆਨੰਦ ਪ੍ਰਾਪਤ ਕਰ ਲਿਆ, ਜਿਸਨੂੰ ਇਹ ਗਿਆਨ ਹੋ ਗਿਆ ਕਿ ਇਹ ਸਾਰਾ ਬ੍ਰਹਿਮੰਡ ਇਕੋ ਇਕਾਈ ਹੈ ।" *10*

(e) "ਝੰਜਟ ? ਤੇਰਾ ਇਹੀ ਅਸੂਲ ਐ । ਤੂੰ ਯੂਰਪ ਦੇ ਹਰ ਕੈਫ਼ੇ, ਹਰ ਕਲੱਬ, ਹਰ ਚਾਹ ਘਰ ਵਿਚ ਕੁੜੀਆਂ ਨਾਲ ਪਿਆਰ ਰਚਾਉਂਦੇ ਹੋਏ, ਇਹੀ ਕਹਿੰਦਾ ਫਿਰਦਾ ਹੋਵੇਂਗਾ : 'ਇਸ ਝੰਜਟ ਤੋਂ ਛੁਟਕਾਰਾ ਦਿਵਾਉ ।' " *10*

**Q6.** (a) 'ਜੰਗਨਾਮਾ ਸ਼ਾਹ ਮੁੰਹਮਦ' ਵਿਚ ਕਾਰਜਸ਼ੀਲ ਰਚਨਾ-ਜੁਗਤਾਂ ਦੇ ਮਹੱਤਵ ਨੂੰ ਉਭਾਰੋ । (ਸ਼ਬਦ ਸੀਮਾ : 250) *20*

(b) 'ਚਿੱਟਾ ਲਹੂ' ਨਾਵਲ ਦੇ ਵਿਸ਼ੇ-ਸੰਗਠਨ ਉਪਰ ਆਪਣੇ ਆਲੋਚਨਾਤਮਕ-ਵਿਚਾਰ ਪਰਗਟ ਕਰੋ । (ਸ਼ਬਦ ਸੀਮਾ : 250) *20*

(c) "ਬਲਵੰਤ ਗਾਰਗੀ ਦਾ ਨਾਟਕ 'ਸੁਲਤਾਨ ਰਜ਼ੀਆ', ਨਾਇਕਾ ਦੀ ਸੰਕਟ-ਗ੍ਰਸਤ ਸਥਿਤੀ ਦਾ ਦੁਖਾਂਤ ਸਿਰਜਣ ਵੱਲ ਰੁਚਿਤ ਹੈ," ਕਥਨ ਦੀ ਸਾਰਥਕਤਾ ਉਪਰ ਟਿੱਪਣੀ ਕਰੋ । (ਸ਼ਬਦ ਸੀਮਾ : 150) *10*

**Q7.** (a) "ਧਨੀ ਰਾਮ ਚਾਤ੍ਰਿਕ ਦਾ ਸਮੁੱਚਾ ਕਾਵਿ, ਪੰਜਾਬੀ ਸਮਾਜ ਤੇ ਸਭਿਆਚਾਰ ਦੇ ਸਦੀਵੀ ਸਰੋਕਾਰਾਂ ਦੀ ਨਿਸ਼ਾਨਦੇਹੀ ਕਰਦਾ ਹੈ," 'ਨਵਾਂ ਜਹਾਨ' ਤੇ 'ਸੂਫ਼ੀ ਖ਼ਾਨਾ' ਕਾਵਿ-ਪੁਸਤਕਾਂ ਦੇ ਆਧਾਰ 'ਤੇ, ਇਸ ਕਥਨ ਦੇ ਹੱਕ ਜਾਂ ਵਿਰੋਧ ਵਿਚ ਆਪਣੇ ਵਿਚਾਰ ਪਰਗਟ ਕਰੋ । (ਸ਼ਬਦ ਸੀਮਾ : 250) *20*

(b) 'ਮੇਰਾ ਪਾਕਿਸਤਾਨੀ ਸਫ਼ਰਨਾਮਾ' ਪੁਸਤਕ ਵਿਚ, ਬਲਰਾਜ ਸਾਹਨੀ ਨੇ, ਆਪਣੀ ਪਾਕਿਸਤਾਨੀ-ਯਾਤਰਾ ਨਾਲ ਸੰਬੰਧਤ ਅਨੁਭਵਾਂ ਨੂੰ, ਕਿਵੇਂ ਕਲਾਤਮਕ-ਰੂਪਾਂਤਰਣ ਦਿੱਤਾ ਹੈ ? ਚਰਚਾ ਕਰੋ । (ਸ਼ਬਦ ਸੀਮਾ : 250) *20*

(c) 'ਮੇਰੀਆਂ ਅਭੁੱਲ ਯਾਦਾਂ' ਪੁਸਤਕ ਵਿਚੋਂ, ਗੁਰਬਖ਼ਸ਼ ਸਿੰਘ 'ਪ੍ਰੀਤਲੜੀ' ਦੀ ਪ੍ਰਗਤੀਵਾਦੀ-ਵਿਚਾਰਧਾਰਾ ਦਾ ਕਿਹੜਾ ਪੱਖ ਉਜਾਗਰ ਹੁੰਦਾ ਹੈ ? ਉਦਾਹਰਣਾਂ ਸਹਿਤ ਸਪੱਸ਼ਟ ਕਰੋ । (ਸ਼ਬਦ ਸੀਮਾ : 150) *10*

**Q8.** (a) "ਗੁਰਬਖ਼ਸ਼ ਸਿੰਘ 'ਪ੍ਰੀਤਲੜੀ', ਪੰਜਾਬੀ ਵਾਰਤਕ-ਸ਼ੈਲੀ ਨੂੰ ਤਾਜ਼ਗੀ ਤੇ ਨਵੀਂ ਨੁਹਾਰ ਪ੍ਰਦਾਨ ਕਰਦਾ ਹੈ," 'ਜ਼ਿੰਦਗੀ ਦੀ ਰਾਸ' ਨਿਬੰਧ-ਸੰਗ੍ਰਹਿ ਦੇ ਆਧਾਰ 'ਤੇ, ਇਸ ਕਥਨ ਦੀ ਪੁਸ਼ਟੀ ਕਰੋ । (ਸ਼ਬਦ ਸੀਮਾ : 250) *20*

(b) ਬਲਵੰਤ ਗਾਰਗੀ ਦੇ ਨਾਟਕ 'ਲੋਹਾ ਕੁੱਟ' ਵਿਚੋਂ, ਮਾਨਵੀ-ਰਿਸ਼ਤਿਆਂ ਦੀ ਟੁੱਟ-ਭੱਜ ਦਾ ਕਿਹੋ ਜਿਹਾ ਬਿੰਬ ਸਾਕਾਰ ਹੁੰਦਾ ਹੈ ? ਚਰਚਾ ਕਰੋ । (ਸ਼ਬਦ ਸੀਮਾ : 250) *20*

(c) ਸੰਤ ਸਿੰਘ ਸੇਖੋਂ ਦੀ ਮਾਰਕਸਵਾਦੀ-ਆਲੋਚਨਾ ਦੀਆਂ ਸੀਮਾਵਾਂ ਤੇ ਸੰਭਾਵਨਾਵਾਂ ਉਪਰ ਰੌਸ਼ਨੀ ਪਾਉ । (ਸ਼ਬਦ ਸੀਮਾ : 150) *10*

**STH-D-PNJB**

# ਪੰਜਾਬੀ / PUNJABI

## ਪੇਪਰ II / Paper II

## ( ਸਾਹਿਤ ) / ( LITERATURE )

*ਨਿਰਧਾਰਿਤ ਸਮਾਂ : **ਤਿੰਨ** ਘੰਟੇ*
*Time Allowed : **Three** Hours*

*ਕੁੱਲ ਅੰਕ : **250***
*Maximum Marks : **250***

### ਪ੍ਰਸ਼ਨ ਪੱਤਰ ਲਈ ਵਿਸ਼ੇਸ਼ ਹਦਾਇਤਾਂ

***ਕ੍ਰਿਪਾ ਕਰਕੇ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਨਿਮਨ ਲਿਖਿਤ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ :***

*ਪ੍ਰਸ਼ਨ ਪੱਤਰ ਵਿੱਚ ਕੁਲ **ਅੱਠ** ਪ੍ਰਸ਼ਨ ਹਨ ਜੋ **ਦੋ ਭਾਗਾਂ** ਵਿਚ ਵੰਡੇ ਹੋਏ ਹਨ ।*

*ਉਮੀਦਵਾਰ ਨੇ ਕੁਲ **ਪੰਜ** ਪ੍ਰਸ਼ਨ ਕਰਨੇ ਹਨ ।*

*ਪ੍ਰਸ਼ਨ ਨੰਬਰ **1** ਅਤੇ **5** ਲਾਜ਼ਮੀ ਹਨ । ਬਾਕੀ ਪ੍ਰਸ਼ਨਾਂ ਵਿਚੋਂ ਕੋਈ **ਤਿੰਨ** ਪ੍ਰਸ਼ਨ ਕਰੋ ਪਰੰਤੂ ਦੋਵੇਂ ਭਾਗਾਂ ਵਿਚੋਂ ਘੱਟੋ ਘੱਟ **ਇੱਕ-ਇੱਕ** ਪ੍ਰਸ਼ਨ ਜ਼ਰੂਰ ਚੁਣੋ ।*

*ਹਰ ਪ੍ਰਸ਼ਨ / ਭਾਗ ਦੇ ਅੰਕ ਉਸ ਦੇ ਨਾਲ ਹੀ ਦਸੇ ਗਏ ਹਨ ।*

*ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿਚ ਹੀ ਦਿਓ ।*

*ਪ੍ਰਸ਼ਨਾਂ ਦੇ ਉੱਤਰ ਲਈ ਸ਼ਬਦਾਂ ਦੀ ਸੀਮਾਂ ਜਿੱਥੇ ਵੀ ਦਿੱਤੀ ਹੈ, ਉਸ ਦੀ ਜ਼ਰੂਰ ਪਾਲਣਾ ਕਰੋ ।*

*ਪ੍ਰਸ਼ਨਾਂ ਦੇ ਉੱਤਰਾਂ ਦਾ ਮੁਲਾਂਕਣ ਕਰਦੇ ਸਮੇਂ ਉੱਤਰਾਂ ਦੀ ਕ੍ਰਮ ਲੜੀ ਨੂੰ ਸਾਹਮਣੇ ਰੱਖਿਆ ਜਾਵੇਗਾ । ਜਿਸ ਉਤਰ ਨੂੰ ਕਟਿਆ ਨਾ ਗਿਆ ਉਸ ਦਾ ਮੁਲਾਂਕਣ ਕਰ ਲਿਆ ਜਾਵੇਗਾ, ਭਾਵੇਂ ਉਹ ਅਧੂਰਾ ਹੀ ਹੋਇਆ ਹੋਵੇ । ਉੱਤਰ ਪੱਤਰੀ ਦਾ ਕੋਈ ਵੀ ਪੰਨਾ ਜਾਂ ਪੰਨੇ ਦਾ ਖਾਲੀ ਹਿਸਾ ਜੇ ਖਾਲੀ ਹੈ ਤਾਂ ਉਸ ਉਤੇ ਕਾਟਾ ਮਾਰਨਾ ਜ਼ਰੂਰੀ ਹੈ ।*

### Question Paper Specific Instructions

***Please read each of the following instructions carefully before attempting questions :***

*There are **EIGHT** questions divided in **TWO SECTIONS**.*

*Candidate has to attempt **FIVE** questions in all.*

*Question nos. **1** and **5** are compulsory and out of the remaining, any **THREE** are to be attempted choosing at least **ONE** from each section.*

*The number of marks carried by a question / part is indicated against it.*

*Answers must be written in **PUNJABI**.*

*Word limit in questions, wherever specified, should be adhered to.*

*Attempts of questions shall be counted in sequential order. Unless struck off, attempt of a question shall be counted even if attempted partly. Any page or portion of the page left blank in the Question-cum-Answer Booklet must be clearly struck off.*

## SECTION A

**Q1.** **ਹੇਠ ਲਿਖੇ ਪੰਜਾਂ ਕਾਵਿ-ਟੋਟਿਆਂ ਦੀ ਪ੍ਰਸੰਗ ਸਹਿਤ ਆਲੋਚਨਾਤਮਕ ਵਿਆਖਿਆ ਕਰੋ । (ਸ਼ਬਦ ਸੀਮਾ : 150 ਹਰੇਕ)** *10×5=50*

(a) ਬੇੜਾ ਬੰਧੁ ਨ ਸਕਿਓ ਬੰਧਨ ਕੀ ਵੇਲਾ ।।
ਭਰਿ ਸਰਵਰੁ ਜਬ ਊਛਲੇ ਤਬ ਤਰਣ ਦੁਹੇਲਾ ।।
ਹਥੁ ਨ ਲਾਇ ਕਸੁੰਭੜੇ ਜਲਿ ਜਾਸੀ ਢੋਲਾ ।।ਰਹਾਉ।।
ਇਕ ਆਪੀਨੈ ਪਤਲੀ ਸਹ ਕੇਰੇ ਬੋਲਾ ।।
ਦੁਧਾ ਥਣੀ ਨ ਆਵਈ ਫਿਰਿ ਹੋਇ ਨ ਮੇਲਾ ।। *10*

(b) ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ।।
ਭੰਡਹੁ ਹੋਏ ਦੋਸਤੀ ਭੰਡਹੁ ਚਲੈ ਰਾਹੁ ।।
ਭੰਡੁ ਮੁਆ ਭੰਡਿ ਭਾਲੀਐ, ਭੰਡੁ ਹੋਏ ਬੰਧਾਨੁ ।।
ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ ।। *10*

(c) ਆ ਮਿਲ ਯਾਰ ਸਾਰ ਲੈ ਮੇਰੀ, ਮੇਰੀ ਜਾਨ ਦੁੱਖਾਂ ਨੇ ਘੇਰੀ ।
ਅੰਦਰ ਖੱਵਾਬ ਵਿਛੋੜਾ ਹੋਇਆ, ਖਬਰ ਨਾ ਪੈਂਦੀ ਤੇਰੀ ।
ਸੁੰਞੇ ਬਨ ਵਿੱਚ ਲੁੱਟੀ ਸਾਈਆਂ, ਸੂਰ ਪਲੰਘ ਨੇ ਘੇਰੀ ।
ਮੁੱਲਾਂ ਕਾਜ਼ੀ ਸਾਨੂੰ ਰਾਹ ਬਤਾਬਣ, ਦੇਣ ਭਰਮ ਦੀ ਫੇਰੀ ।
ਇਹ ਤਾਂ ਠੱਗ ਜਗਤ ਏ, ਜਿਹਾ ਲਾਵਣ ਜਾਲ ਚੁਫੇਰੀ । *10*

(d) ਹੋਠ ਸੁਰਖ ਯਾਕੂਤ ਜਿਉਂ ਲਾਲ ਚਮਕਣ, ਠੋਡੀ ਸੇਬ ਵਲਾਇਤੀ ਸਾਰ ਵਿੱਚੋਂ ।
ਨੱਕ ਅਲਫ਼ ਹੁਸੈਨੀ ਦਾ ਪਿਪਲਾ ਸੀ, ਜ਼ੁਲਫ਼ ਨਾਗ ਖਜ਼ਾਨੇ ਦੀ ਬਾਰ ਵਿੱਚੋਂ ।
ਦੰਦ ਚੰਬੇ ਦੀ ਲੜੀ ਕਿ ਹੰਸ ਮੋਤੀ, ਦਾਣੇ ਨਿਕਲੇ ਹੁਸਨ ਅਨਾਰ ਵਿੱਚੋਂ ।
ਗਰਦਨ ਕੂੰਜ ਦੀ ਉਂਗਲਾਂ ਰਵਾਂ ਫਲੀਆਂ, ਹੱਥ ਕੂਲੜੇ ਬਰਗ ਚਿਨਾਰ ਵਿੱਚੋਂ । *10*

(e) ਚੇਤ ਬਸੰਤ ਭਲਾ ਭਵਰ ਸੁਹਾਵੜੇ ।।
ਬਨ ਫੂਲੇ ਮੰਝ ਬਾਰਿ, ਮੈਂ ਪਿਰ ਘਰ ਬਹੁੜੇ ।।
ਪਿਰੁ ਘਰ ਨਹੀਂ ਆਵੈ, ਧਨ ਕਿਉਂ ਸੁਖ ਪਾਵੈ ।।
ਬਿਰਹਿ ਬਿਰੋਧ ਤਨਿ ਛੀਜੈ ।।
ਕੋਕਲਿ ਅੰਬਿ ਸੁਹਾਵੀ ਬੋਲੈ, ਕਿਉਂ ਦੁਖੁ ਅੰਕਿ ਸਹੀਜੈ ।।
ਭਵਰਿ ਭਵੰਤਾ ਫੂਲੀ ਡਾਲੀ, ਕਿਉਂ ਜੀਵਾ ਮਰ ਜਾਇ ।।
ਨਾਨਕ ਚੇਤੁ ਸਹਿਜ ਸੁਖੁ ਪਾਵੈ, ਜੇ ਹਰਿ ਵਰੁ ਘਰਿ ਧਨ ਪਾਏ ।। 10

**Q2.** (a) ਬਾਬਾ ਫਰੀਦ ਨੇ ਸਾਮੀ ਤੇ ਭਾਰਤੀ ਪਰੰਪਰਾਵਾਂ ਨੂੰ ਪੰਜਾਬੀ ਸਭਿਆਚਾਰ ਦੇ ਵਿਸ਼ੇਸ਼ ਧਰਾਤਲ ਉੱਤੇ ਕੇਂਦਰਤ ਕਰ ਕੇ ਜੋ ਕਵਿਤਾ ਸਿਰਜੀ ਹੈ, ਉਹ ਉਪਰੋਕਤ ਦੋਹਾਂ ਪਰੰਪਰਾਵਾਂ ਤੋਂ ਪਾਰ ਜਾ ਕੇ ਇੱਕ ਨਵਾਂ ਵਿਧਾਨ ਸਿਰਜਦੀ ਹੈ । ਇਸ ਕਥਨ ਦੀ ਪੁਸ਼ਟੀ ਬਾਬਾ ਫਰੀਦ ਦੇ ਸ਼ਲੋਕਾਂ ਦੇ ਆਧਾਰ 'ਤੇ ਕਰੋ । 20

(b) 'ਜਪੁਜੀ' ਦਾ ਕੇਂਦਰੀ ਵਿਸ਼ਾ 'ਸਚੁ ਸਰੂਪ ਬ੍ਰਹਮ' ਦੀ ਵਿਆਖਿਆ ਕਰਨਾ ਅਤੇ 'ਪੂਰਨ ਪੁਰਸ਼' ਬਣਨ ਦੇ ਸਾਧਨ ਦੱਸਣਾ ਹੈ । ਇਸ ਕਥਨ ਦੀ ਰੌਸ਼ਨੀ ਵਿੱਚ ਬਾਣੀ 'ਜਪੁਜੀ' ਉੱਪਰ ਵਿਚਾਰ ਚਰਚਾ ਕਰੋ । 20

(c) ਵਾਰਸ ਸ਼ਾਹ ਕੇਵਲ ਹੀਰ ਦਾ ਕਿੱਸਾ ਨਹੀਂ ਸੀ ਲਿਖ ਰਿਹਾ ਸਗੋਂ ਉਹ ਪੰਜਾਬ ਦਾ ਸਮਾਜਿਕ-ਇਤਿਹਾਸ ਵੀ ਉਲੀਕ ਰਿਹਾ ਸੀ । ਇਸ ਟਿੱਪਣੀ ਦੇ ਆਧਾਰ 'ਤੇ ਵਾਰਸ ਦੀ 'ਹੀਰ' ਦੇ ਸਮਾਜਿਕ ਮਹੱਤਵ ਬਾਰੇ ਚਰਚਾ ਕਰੋ । 10

**Q3.** (a) 'ਬਾਰਹਮਾਹ ਤੁਖਾਰੀ' ਗੁਰੂ ਨਾਨਕ ਦੇ ਅਧਿਆਤਮਕ ਤੇ ਰੂਹਾਨੀ ਅਨੁਭਵਾਂ ਨੂੰ ਲੋਕ ਧਾਰਨਾਵਾਂ ਤੇ ਲੋਕ ਸ਼ੈਲੀ ਰਾਹੀਂ ਪ੍ਰਗਟਾਉਣ ਵਾਲਾ ਬਿਰਹੋਂ ਕਾਵਿ ਦਾ ਉੱਤਮ ਨਮੂਨਾ ਹੈ । ਇਸ ਬਾਰੇ ਆਲੋਚਨਾਤਮਕ ਵਿਚਾਰ ਦਿਓ । 20

(b) ਬੁੱਲੇ ਸ਼ਾਹ ਲਈ ਕਵਿਤਾ ਸ਼ੁਗਲ ਨਹੀਂ, ਸਮਾਜਿਕ ਜ਼ਿੰਮੇਵਾਰੀ ਦਾ ਅਹਿਦ ਸੀ । ਇਸ ਕਥਨ ਦੇ ਆਧਾਰ 'ਤੇ ਬੁੱਲੇ ਸ਼ਾਹ ਦੀਆਂ ਕਾਫੀਆਂ ਦੇ ਸਮਾਜਿਕ ਸਰੋਕਾਰਾਂ ਉੱਪਰ ਚਾਨਣਾ ਪਾਉ । 20

(c) ਵਾਰਸ ਸ਼ਾਹ ਨੇ ਕਿੱਸਾ 'ਹੀਰ' ਵਿੱਚ 'ਇਸ਼ਕ ਮਿਜ਼ਾਜ਼ੀ' ਨੂੰ 'ਇਸ਼ਕ ਹਕੀਕੀ' ਨਾਲ ਇਕਸੁਰ ਕਰਨ ਦਾ ਯਤਨ ਕੀਤਾ ਹੈ, ਜਿਸ ਕਾਰਨ ਇਹ ਰਚਨਾ ਸੂਫੀਆਨਾ ਰੰਗ ਧਾਰਨ ਕਰ ਗਈ । ਇਸ ਕਥਨ ਦੀ ਪੁਸ਼ਟੀ ਦਲੀਲਾਂ ਸਹਿਤ ਕਰੋ । 10

**Q4.** (a) ਬਾਬਾ ਫਰੀਦ ਅਤੇ ਗੁਰੂ ਨਾਨਕ ਦੇਵ ਜੀ ਦੇ ਅਧਿਆਤਮਕ ਦ੍ਰਿਸ਼ਟੀਕੋਣ ਦਾ ਤੁਲਨਾਤਮਕ ਅਧਿਐਨ ਪੇਸ਼ ਕਰੋ । *20*

(b) ਬੁੱਲੇ ਸ਼ਾਹ ਦੀਆਂ ਕਾਫੀਆਂ ਦੇ ਦਾਰਸ਼ਨਿਕ ਮਿਜ਼ਾਜ ਅਤੇ ਰਹੱਸ-ਬੋਧ ਬਾਰੇ ਚਰਚਾ ਕਰੋ । *20*

(c) ਬਾਬਾ ਫਰੀਦ ਮਨੁੱਖ ਨੂੰ ਜਿਸ ਨਾਸ਼ਮਾਨਤਾ ਦੀ ਚੇਤਾਵਨੀ ਦੇ ਕੇ ਨੇਕੀ ਵੱਲ ਪ੍ਰੇਰਦੇ ਹਨ, ਨਾਸ਼ਮਾਨਤਾ ਦੀ ਉਸ ਚੇਤਾਵਨੀ ਵਿੱਚ ਨਿਸ਼ਕਰਮਤਾ ਨਹੀਂ, ਸਗੋਂ ਕਰਮਸ਼ੀਲਤਾ ਹੈ । ਫਰੀਦ ਰਚਿਤ ਸ਼ਲੋਕਾਂ ਵਿਚੋਂ ਉਦਾਹਰਨਾਂ ਦੇ ਕੇ ਇਸ ਗੱਲ ਦੀ ਪੁਸ਼ਟੀ ਕਰੋ । *10*

## SECTION B

**Q5. ਹੇਠ ਲਿਖੇ ਪੰਜਾਂ ਸਾਹਿਤਕ ਖੰਡਾਂ ਦੀ ਪ੍ਰਸੰਗ ਸਹਿਤ ਆਲੋਚਨਾਤਮਕ ਵਿਆਖਿਆ ਕਰੋ । (ਸ਼ਬਦ ਸੀਮਾ : 150 ਹਰੇਕ)** *10×5=50*

(a) ਇਹ ਜਗ ਸਰਾਇ ਮੁਸਾਫਰਾਂ ਦੀ, ਏਥੇ ਜ਼ੋਰ ਵਾਲੇ ਕਈ ਆਇ ਗਏ ।
ਸ਼ਦਾਦ, ਨਮਰੂਦ, ਫਿਰਊਨ ਜੇਹੇ, ਦਾਵ੍ਹਾ ਬੰਨ ਖੁਦਾਇ ਕਹਾਇ ਗਏ ।
ਅਕਬਰ ਸ਼ਾਹ ਜੇਹੇ ਵਿੱਚ ਦਿੱਲੀ ਦੇ ਜੀ, ਫੇਰੀ ਵਾਂਗ ਵਣਜਾਰਿਆਂ ਪਾਇ ਗਏ ।
ਸ਼ਾਹ ਮਹੁੰਮਦਾ ਰਹੇਗਾ ਰੱਬ ਸੱਚਾ, ਵਾਜੇ ਕੂੜ ਦੇ ਕਈ ਬਜਾਇ ਗਏ । *10*

(b) ਸੋਚਾਂ, ਖੋਜਾਂ, ਤਜਰਬਿਆਂ ਨੇ ਕੀਤਾ ਅੰਤ ਨਿਤਾਰਾ ।
ਕਾਦਰ ਵਿੱਚੋਂ ਕੁਦਰਤ ਬਣ ਗਈ, ਸੁਹਜਾਂ ਦਾ ਭੰਡਾਰਾ ।
ਹੁਸਨ ਇਸ਼ਕ ਦਾ ਕਿੱਸਾ ਛਿੜਿਆ, ਅਗਨਿ ਪ੍ਰੇਮ ਦੀ ਜਾਗੀ ।
ਨਰ ਮਦੀਨ ਦਾ ਸੰਗਮ ਹੋ ਕੇ, ਫੈਲ ਗਿਆ ਜਗ ਸਾਰਾ । *10*

(c) ਮੈਂ ਕਚਹਿਰੀ ਵਿੱਚ ਨਹੀਂ ਖੜੀ ਕਿ ਕਿਸੇ ਦੀ ਗਵਾਹੀ ਲਿਆਵਾਂ । ਮੇਰਾ ਦਿਲ ਗਵਾਹ ਹੈ । ਜਦੋਂ ਤੂੰ ਉਸ ਬੇਸਵਾ ਕੋਲੋਂ ਆਉਂਦਾ ਹੈਂ ਤਾਂ ਤੇਰੇ ਤੌਰ ਈ ਹੋਰ ਹੁੰਦੇ ਨੇ । ਮੈਂ ਤੇਰੀ ਤੋਰ ਦੇਖ ਕੇ ਈ ਪਛਾਣ ਜਾਨੀ ਆਂ । ਤੇਰੀ ਆਵਾਜ਼ ਵਿੱਚ ਕੋਈ ਹੋਰ ਦੂਜੀ ਤੀਵੀਂ ਬੋਲਦੀ ਐ । ਅੱਜ ਵੀ ਉੱਥੋਂ ਈ ਆਇਐਂ । *10*

(d) ਖੁਸ਼ੀ ਦੀ ਲਾਲਸਾ ਜ਼ਿੰਦਗੀ ਦੀ ਬੁਨਿਆਦੀ ਟੋਹਣੀ ਹੈ, ਜਿਹੜੀ ਅਨੇਕਾਂ ਰਸਤਿਆਂ ਦੀ ਟੋਹ ਮਨੁੱਖ ਨੂੰ ਦਿੰਦੀ ਹੈ ਅਤੇ ਅਨੇਕਾਂ ਹੀ ਮੰਜ਼ਿਲਾਂ ਉਹਦੇ ਲਈ ਸੰਭਵ ਬਣਾ ਦਿੰਦੀ ਹੈ । ਏਸ ਬੁਨਿਆਦੀ ਟੋਹਣੀ ਨੂੰ ਸਮਝ ਲਿਆਂ ਜ਼ਿੰਦਗੀ ਨਕੇਲ ਵਿੱਚ ਬੇ-ਵੱਸ ਹਿੱਕੀ ਜਾਣ ਦੀ ਥਾਂ ਇੱਕ ਬੜੀ ਅਮੀਰ ਧਰਤੀ ਦੀ ਸੰਭਾਵਨਾਵਾਂ ਭਰੀ ਯਾਤਰਾ ਬਣ ਜਾਂਦੀ ਹੈ, ਜਿਦ੍ਹੇ ਵਿੱਚ ਨਾ ਨਿੱਤ ਨਵੀਆਂ ਢੂੰਡਾਂ ਦਾ ਕੋਈ ਅੰਤ ਹੈ, ਨਾ ਸੁਆਦਾਂ ਦਾ ਕੋਈ ਰਜੇਵਾਂ ਹੈ । *10*

(e) ਨਦੀ ਦੀਆਂ ਲਹਿਰਾਂ ਉੱਠਦੀਆਂ ਹਨ ਅਤੇ ਉੱਠ ਕੇ ਮਿਟ ਜਾਂਦੀਆਂ ਹਨ – ਉਨ੍ਹਾਂ ਦਾ ਕੋਈ ਨਿਸ਼ਾਨ ਬਾਕੀ ਨਹੀਂ ਰਹਿੰਦਾ । ਪਰ ਜਿਨ੍ਹਾਂ ਕੰਢਿਆ ਨੂੰ ਇਹ ਲਹਿਰਾਂ ਕਈ ਵਾਰ ਖੋਰ ਕੇ ਢਾਹ ਜਾਂਦੀਆ ਹਨ, ਇਹ ਮੁੜ ਕਦੀ ਕਿਸਮਤ ਨਾਲ ਹੀ ਸਾਬਤ ਹੋ ਸਕਦੇ ਹਨ । ਕਿਦਾਰ ਦੀ ਜੀਵਨ ਨਦੀ ਵਿੱਚ ਅਜਿਹੀਆਂ ਬੇਅੰਤ ਲਹਿਰਾਂ ਉੱਠੀਆਂ ਤੇ ਉੱਠ ਕੇ ਮਿਟ ਗਈਆਂ, ਪਰ ਚਿੰਨ੍ਹ ਰੂਪ ਵਿੱਚ ਇਹ ਕਿਦਾਰ ਦੇ ਦਿਲ ਦੇ ਕੰਢਿਆਂ ਨੂੰ ਜਿਹੜੇ ਖੱਪੇ ਪਾ ਗਈਆਂ, ਉਨ੍ਹਾਂ ਖੱਪਿਆਂ ਨੂੰ ਭਰਨ ਲਈ ਕਿਦਾਰ ਨੇ ਨਵਾਂ ਸਫ਼ਰ ਸ਼ੁਰੂ ਕੀਤਾ । ਪਰ ਕੀ ਇਸ ਮਨੋਰਥ ਵਿੱਚ ਉਹ ਕਾਮਯਾਬ ਹੋ ਸਕਿਆ ? *10*

**Q6.** (a) ਗੁਰਬਖਸ਼ ਸਿੰਘ ਦਾ ਸਾਹਿਤ ਸਿਧਾਂਤ ਜ਼ਿੰਦਗੀ ਤੇ ਕਲਾ ਦੇ ਸੰਬੰਧਾਂ ਤੋਂ ਲੈ ਕੇ ਕਲਾ ਦੇ ਇਨਕਲਾਬੀ ਪ੍ਰਭਾਵ ਤੱਕ ਫੈਲਿਆ ਹੋਇਆ ਹੈ । ਇਸ ਕਥਨ ਦੀ ਪ੍ਰੋੜਤਾ ਗੁਰਬਖਸ਼ ਸਿੰਘ ਦੇ ਨਿਬੰਧਾਂ ਦੇ ਆਧਾਰ ’ਤੇ ਕਰੋ । *20*

(b) ਚਿੱਟਾ ਲਹੂ ਨਾਵਲ ਨਾਲ ਪੰਜਾਬੀ ਨਾਵਲ ਤਾਂ ਗਤੀਸ਼ੀਲ ਹੁੰਦਾ ਹੈ ਪਰ ਨਾਨਕ ਸਿੰਘ ਖੁਦ ਗਤੀਹੀਣ ਹੋ ਜਾਂਦਾ ਹੈ । ਨਾਨਕ ਸਿੰਘ ਦੀ ਨਾਵਲਕਾਰੀ ਦੇ ਸੰਦਰਭ ਵਿੱਚ ਇਸ ਟਿੱਪਣੀ ਬਾਰੇ ਆਪਣੇ ਆਲੋਚਨਾਤਮਕ ਵਿਚਾਰ ਦਿਓ । *20*

(c) ਬਲਵੰਤ ਗਾਰਗੀ ਦਾ ਪਲੇਠਾ ਨਾਟਕ ‘ਲੋਹਾ ਕੁੱਟ’ ਨਾਟ-ਵਸਤੂ ਦੀ ਦ੍ਰਿਸ਼ਟੀ ਤੋਂ ਪਰੰਪਰਾ ਭੰਜਨ ਦੀ ਲੀਹ ਪਾਉਣ ਵਾਲਾ ਪੰਜਾਬੀ ਦਾ ਵਿਲੱਖਣ ਨਾਟਕ ਹੈ । ਇਸ ਕਥਨ ਦੀ ਦਲੀਲਾਂ ਸਹਿਤ ਪੁਸ਼ਟੀ ਕਰੋ । *10*

**Q7.** (a) ਸ਼ਾਹ ਮਹੁੰਮਦ ਦੁਆਰਾ ਰਚਿਤ ਜੰਗਨਾਮਾ (ਜੰਗ ਸਿੰਘਾਂ ਤੇ ਫਿਰੰਗੀਆਂ) ਇਤਿਹਾਸ ਤੇ ਸਾਹਿਤਕਤਾ ਦਾ ਸਫ਼ਲ ਸੰਗਮ ਹੈ । ਇਸ ਬਾਰੇ ਆਪਣੇ ਆਲੋਚਨਾਤਮਕ ਵਿਚਾਰ ਦਿਓ । *20*

(b) ਨਾਨਕ ਸਿੰਘ ਦਾ ਨਾਵਲ ‘ਪਵਿੱਤਰ ਪਾਪੀ’ ਮਨੁੱਖ ਦੇ ਪ੍ਰਕ੍ਰਿਤਕ ਤੇ ਸੰਸਕ੍ਰਿਤਕ ਆਪੇ ਦਾ ਤਣਾਉ ਹੈ । ਤੁਸੀਂ ਇਸ ਕਥਨ ਨਾਲ ਸਹਿਮਤ ਹੋ ਜਾ ਨਹੀਂ ? ਦਲੀਲਾਂ ਸਹਿਤ ਉੱਤਰ ਦਿਉ । *20*

(c) ‘ਮੇਰਾ ਰੂਸੀ ਸਫ਼ਰਨਾਮਾ’ ਵਿੱਚ ਬਲਰਾਜ ਸਾਹਨੀ ਨੇ ਰੂਸੀ ਜੀਵਨ ਸ਼ੈਲੀ ਦੇ ਕਿਹੜੇ ਮਹੱਤਵਪੂਰਨ ਪੱਖਾਂ ਨੂੰ ਉਭਾਰਿਆ ਹੈ ? ਚਰਚਾ ਕਰੋ । *10*

Q8. (a) ਸੰਤ ਸਿੰਘ ਸੇਖੋਂ ਦੇ ਸਾਹਿਤ ਚਿੰਤਨ ਦੇ ਸਿਧਾਂਤਕ ਸਰੋਕਾਰਾਂ ਬਾਰੇ ਚਰਚਾ ਕਰਦਿਆਂ ਉਸਦੀਆਂ ਮੱਧਕਾਲੀ–ਸਾਹਿਤ ਸੰਬੰਧੀ ਧਾਰਨਾਵਾਂ ਨੂੰ ਸਪੱਸ਼ਟ ਕਰੋ । 20

(b) 'ਨਵਾਂ ਜਹਾਨ' ਕਾਵਿ ਸੰਗ੍ਰਹਿ ਤੱਕ ਆ ਕੇ ਧਨੀ ਰਾਮ ਚਾਤ੍ਰਿਕ ਦੀ ਕਾਵਿਕ ਸੁਰ ਸੁਧਾਰਵਾਦ ਤੋਂ ਪ੍ਰਗਤੀਵਾਦ ਵਿੱਚ ਵਟ ਜਾਂਦੀ ਹੈ । ਇਸ ਧਾਰਨਾ ਦੀ ਪੁਸ਼ਟੀ ਕਰਦੇ ਹੋਏ ਚਾਤ੍ਰਿਕ ਦੀ ਪ੍ਰਗਤੀਵਾਦੀ ਚੇਤਨਾ ਬਾਰੇ ਚਰਚਾ ਕਰੋ । 20

(c) ਗੁਰਬਖਸ਼ ਸਿੰਘ ਪੰਜਾਬੀ ਲਿਖਣ ਸ਼ੈਲੀ ਵਿੱਚ ਸਭ ਤੋਂ ਅਨੂਠਾ ਤੇ ਬੇਨਜ਼ੀਰ ਸ਼ੈਲੀਕਾਰ ਸੀ ਜਿਸ ਦੀ ਪੈਰਵੀ ਹੋਰ ਕੋਈ ਪੰਜਾਬੀ ਵਾਰਤਕ ਲਿਖਾਰੀ ਨਹੀਂ ਕਰ ਸਕਿਆ । ਇਸ ਕਥਨ ਦੇ ਆਧਾਰ 'ਤੇ ਗੁਰਬਖਸ਼ ਸਿੰਘ ਦੀ ਵਾਰਤਕ ਸ਼ੈਲੀ ਦੀ ਵਿਲੱਖਣਤਾ ਦਰਸਾਉ । 10

**EGT-D-PNJB**

# ਪੰਜਾਬੀ / PUNJABI

## ਪੇਪਰ II / Paper II

## ( ਸਾਹਿਤ ) / ( LITERATURE )

| | |
|---|---|
| ਨਿਰਧਾਰਿਤ ਸਮਾਂ : **ਤਿੰਨ** ਘੰਟੇ<br>Time Allowed : **Three** Hours | ਕੁੱਲ ਅੰਕ : **250**<br>Maximum Marks : **250** |

### ਪ੍ਰਸ਼ਨ ਪੱਤਰ ਲਈ ਵਿਸ਼ੇਸ਼ ਹਦਾਇਤਾਂ

***ਕ੍ਰਿਪਾ ਕਰਕੇ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਨਿਮਨ ਲਿਖਿਤ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ :***

ਪ੍ਰਸ਼ਨ ਪੱਤਰ ਵਿੱਚ ਕੁਲ **ਅੱਠ** ਪ੍ਰਸ਼ਨ ਹਨ ਜੋ **ਦੋ ਭਾਗਾਂ** ਵਿਚ ਵੰਡੇ ਹੋਏ ਹਨ ।

ਉਮੀਦਵਾਰ ਨੇ ਕੁਲ **ਪੰਜ** ਪ੍ਰਸ਼ਨ ਕਰਨੇ ਹਨ ।

ਪ੍ਰਸ਼ਨ ਨੰਬਰ **1** ਅਤੇ **5** ਲਾਜ਼ਮੀ ਹਨ । ਬਾਕੀ ਪ੍ਰਸ਼ਨਾਂ ਵਿਚੋਂ ਕੋਈ **ਤਿੰਨ** ਪ੍ਰਸ਼ਨ ਕਰੋ ਪਰੰਤੂ ਦੋਵੇਂ ਭਾਗਾਂ ਵਿਚੋਂ ਘੱਟੋ ਘੱਟ **ਇੱਕ-ਇੱਕ** ਪ੍ਰਸ਼ਨ ਜ਼ਰੂਰ ਚੁਣੋ ।

ਹਰ ਪ੍ਰਸ਼ਨ/ਭਾਗ ਦੇ ਅੰਕ ਉਸ ਦੇ ਨਾਲ ਹੀ ਦਸੇ ਗਏ ਹਨ ।

ਪ੍ਰਸ਼ਨਾਂ ਦੇ ਉੱਤਰ **ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ)** ਵਿਚ ਹੀ ਲਿਖੋ ।

ਪ੍ਰਸ਼ਨਾਂ ਦੇ ਉੱਤਰ ਲਈ ਸ਼ਬਦਾਂ ਦੀ ਸੀਮਾਂ ਜਿੱਥੇ ਵੀ ਦਿੱਤੀ ਹੈ, ਉਸ ਦੀ ਜ਼ਰੂਰ ਪਾਲਣਾ ਕਰੋ ।

ਪ੍ਰਸ਼ਨਾਂ ਦੇ ਉੱਤਰਾਂ ਦਾ ਮੁਲਾਂਕਣ ਕਰਦੇ ਸਮੇਂ ਉੱਤਰਾਂ ਦੀ ਕ੍ਰਮ ਲੜੀ ਨੂੰ ਸਾਹਮਣੇ ਰੱਖਿਆ ਜਾਵੇਗਾ । ਜਿਸ ਉਤਰ ਨੂੰ ਕਟਿਆ ਨਾ ਗਿਆ ਉਸ ਦਾ ਮੁਲਾਂਕਣ ਕਰ ਲਿਆ ਜਾਵੇਗਾ, ਭਾਵੇਂ ਉਹ ਅਧੂਰਾ ਹੀ ਹੋਇਆ ਹੋਵੇ । ਉੱਤਰ ਪੱਤਰੀ ਦਾ ਕੋਈ ਵੀ ਪੰਨਾ ਜਾਂ ਪੰਨੇ ਦਾ ਖਾਲੀ ਹਿਸਾ ਜੇ ਖਾਲੀ ਹੈ ਤਾਂ ਉਸ ਉਤੇ ਕਾਟਾ ਮਾਰਨਾ ਜ਼ਰੂਰੀ ਹੈ ।

### Question Paper Specific Instructions

***Please read each of the following instructions carefully before attempting questions :***

*There are **EIGHT** questions divided in **TWO SECTIONS**.*

*Candidate has to attempt **FIVE** questions in all.*

*Question nos. **1** and **5** are compulsory and out of the remaining, any **THREE** are to be attempted choosing at least **ONE** question from each section.*

*The number of marks carried by a question / part is indicated against it.*

*Answers must be written in **PUNJABI (Gurumukhi script)**.*

*Word limit in questions, wherever specified, should be adhered to.*

*Attempts of questions shall be counted in sequential order. Unless struck off, attempt of a question shall be counted even if attempted partly. Any page or portion of the page left blank in the Question-cum-Answer Booklet must be clearly struck off.*

## SECTION A

**Q1.** ਹੇਠ ਲਿਖੇ ਪੰਜਾਂ ਕਾਵਿ-ਟੋਟਿਆਂ ਦੀ ਪ੍ਰਸੰਗ ਸਹਿਤ ਆਲੋਚਨਾਤਮਕ ਵਿਆਖਿਆ ਕਰੋ ।
(ਸ਼ਬਦ ਸੀਮਾ : 150 ਹਰੇਕ) : *10×5=50*

(a) ਫਰੀਦਾ ਜੇ ਤੂ ਅਕਲਿ ਲਤੀਫੁ
ਕਾਲੇ ਲਿਖੁ ਨ ਲੇਖ ॥
ਆਪਨੜੇ ਗਿਰੀਵਾਨ ਮਹਿ
ਸਿਰੁ ਨੀਵਾਂ ਕਰਿ ਦੇਖੁ ॥ *10*

(b) ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥ *10*

(c) ਜੇ ਕਰਿ ਸੂਤਕੁ ਮੰਨੀਐ ਸਭਤੈ ਸੂਤਕੁ ਹੋਇ ॥
ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥
ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥
ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥੧॥ *10*

(d) ਨਾ ਮੈਂ ਭੇਤ ਮਜ਼ਹਬ ਦਾ ਪਾਇਆ, ਨਾ ਮੈਂ ਆਦਮ ਹੱਵਾ ਜਾਇਆ
ਨਾ ਮੈਂ ਆਪਣਾ ਨਾਮ ਧਰਾਇਆ, ਨਾ ਵਿਚ ਬੈਠਣ ਨਾ ਵਿਚ ਭੌਣ ।
ਬੁੱਲ੍ਹਾ ਕੀ ਜਾਣਾ ਮੈਂ ਕੌਣ ।
ਅੱਵਲ ਆਖ਼ਰ ਆਪ ਨੂੰ ਜਾਣਾ, ਨਾ ਕੋਈ ਦੂਜਾ ਹੋਰ ਪਛਾਣਾ
ਮੈਥੋਂ ਹੋਰ ਨਾ ਕੋਈ ਸਿਆਣਾ, ਬੁੱਲ੍ਹਾ ਸ਼ਹੁ ਖੜ੍ਹਾ ਹੈ ਕੌਣ ।
ਬੁੱਲ੍ਹਾ ਕੀ ਜਾਣਾ ਮੈਂ ਕੌਣ । *10*

(e) ਹੁਕਮ ਮੰਨ ਕੇ ਸੱਜਣਾਂ ਪਿਆਰਿਆਂ ਦਾ, ਕ੍ਰਿੱਸਾ ਅਜਬ ਬਹਾਰ ਦਾ ਜੋੜਿਆ ਈ
ਫਿਕਰਾ ਜੋੜ ਕੇ ਖ਼ੂਬ ਦਰੁਸਤ ਕੀਤਾ, ਨਵਾਂ ਫੁੱਲ ਗੁਲਾਬ ਦਾ ਤੋੜਿਆ ਈ
ਬਹੁਤ ਜੀਉ ਦੇ ਵਿਚ ਤਦਬੀਰ ਕਰਕੇ, ਇਹ ਫ਼ਰਹਾਦ ਪਹਾੜ ਨੂੰ ਤੋੜਿਆ ਈ
ਸੱਭਾ ਬੀਨ ਕੇ ਜ਼ੇਬ ਬਣਾ ਦਿੱਤਾ, ਜੇਹਾ ਇਤਰ ਗੁਲਾਬ ਨਿਚੋੜਿਆ ਈ *10*

**Q2.** (a) " 'ਬਾਰਹ ਮਾਹ ਤੁਖਾਰੀ' ਵਿਚ, ਜੀਵ ਅਤੇ ਬ੍ਰਹਮ ਦਾ ਆਪਸੀ ਰਿਸ਼ਤਾ, ਔਰਤ ਅਤੇ ਪੁਰਖ ਦੇ ਪ੍ਰਤੀਕ – ਪ੍ਰਬੰਧ ਰਾਹੀਂ ਪੇਸ਼ ਕੀਤਾ ਗਿਆ ਹੈ," ਵਿਚਾਰ ਦਾ ਵਿਸ਼ਲੇਸ਼ਣ, ਉਦਾਹਰਣਾਂ ਸਹਿਤ ਕਰੋ । 20

(b) 'ਆਸਾ ਦੀ ਵਾਰ' ਦੀ ਬਣਤਰ ਨੂੰ ਚਰਚਾ ਦਾ ਵਿਸ਼ਾ ਬਣਾਉ । 15

(c) "ਵਾਰਿਸ ਸ਼ਾਹ ਦੁਆਰਾਂ ਰਚਿਤ ਕ੍ਰਿੱਸਾ 'ਹੀਰ' ਵਿਚ, ਮਰਿਆਦਾ ਦੀਆਂ ਸੀਮਾਵਾਂ ਦੇ ਅੰਤਰਗਤ, ਇਸ਼ਕ ਤੇ ਸ਼ਰ੍ਹਾ ਦੇ ਵਿਵਾਦ ਦੀ ਗੱਲ, ਕੇਂਦਰ ਵਿਚ ਰਖੀ ਗਈ ਹੈ ।" ਇਸ ਕਥਨ ਦੇ ਹੱਕ ਜਾਂ ਵਿਰੋਧ ਵਿਚ, ਆਪਣੇ ਵਿਚਾਰ ਪੇਸ਼ ਕਰੋ । 15

**Q3.** (a) 'ਆਸਾ ਦੀ ਵਾਰ' ਨੂੰ, ਇਕ ਅਧਿਆਤਮਕ-ਵਾਰ ਦੇ ਤੌਰ 'ਤੇ ਚਰਚਾ ਦਾ ਵਿਸ਼ਾ ਬਣਾਉ । 15

(b) 'ਕਲਾਮ ਸ਼ੇਖ਼ ਫਰੀਦ' ਦੇ ਮਾਨਵੀ-ਸਰੋਕਾਰਾਂ ਨਾਲ ਜਾਣ-ਪਛਾਣ ਕਰਾਉ । 15

(c) "ਕਾਫ਼ੀਆਂ ਬੁੱਲ੍ਹੇ ਸ਼ਾਹ ਵਿਚੋਂ ਤੱਤਕਾਲੀਨ ਇਤਿਹਾਸਕ, ਰਾਜਸੀ, ਸਮਾਜਕ ਧਾਰਮਕ ਤੇ ਸਭਿਆਚਾਰਕ ਪਰਿਸਥਿਤੀਆਂ ਦਾ ਭਰਪੂਰ ਵਰਣਨ ਮਿਲਦਾ ਹੈ ।" ਇਸ ਕਥਨ ਦਾ ਵਿਵੇਚਨ ਕਰੋ । 20

**Q4.** (a) "ਬਾਣੀ ਸ਼ੇਖ਼ ਫ਼ਰੀਦ ਵਿਚ 'ਸਾਮੀ' (ਸੈਮਟਿਕ) ਤੇ 'ਭਾਰਤੀ' ਸੰਸਕ੍ਰਿਤੀ ਦਾ, ਅਨੋਖਾ ਸੰਗਮ ਵੇਖਣ ਨੂੰ ਮਿਲਦਾ ਹੈ ।" ਇਸ ਕਥਨ ਦਾ ਵਿਸ਼ਲੇਸ਼ਣ ਕਰੋ । 20

(b) 'ਆਸਾ ਦੀ ਵਾਰ' ਬਾਣੀ ਨੂੰ, 'ਸਿੱਖ ਸਭਿਆਚਾਰ ਦੀ ਵਾਰ' ਕਿਉਂ ਕਿਹਾ ਜਾਂਦਾ ਹੈ ? ਤਰਕ ਤੇ ਦਲੀਲਾਂ ਸਹਿਤ ਉੱਤਰ ਦਿਉ । 15

(c) ਸਾਈਂ ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਵਿਚੋਂ ਸੂਫ਼ੀ-ਵਿਚਾਰਧਾਰਾ ਦਾ, ਕਿਹੋ ਜਿਹਾ ਬਿੰਬ ਉਜਾਗਰ ਹੁੰਦਾ ਹੈ ? ਚਰਚਾ ਕਰੋ । 15

## SECTION B

**Q5.** **ਹੇਠ ਲਿਖੇ ਪੰਜਾਂ ਸਾਹਿਤਕ-ਖੰਡਾਂ ਦੀ ਪ੍ਰਸੰਗ ਸਹਿਤ ਆਲੋਚਨਾਤਮਕ ਵਿਆਖਿਆ ਕਰੋ । (ਸ਼ਬਦ ਸੀਮਾ : 150 ਹਰੇਕ) :** *10×5=50*

(a) ''ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,
ਦੋਵੇਂ ਪਾਤਸ਼ਾਹੀ ਫ਼ੌਜਾਂ ਭਾਰੀਆਂ ਨੀਂ ।
ਅੱਜ ਹੋਵੇ ਸਰਕਾਰ ਤਾ ਮੁੱਲ ਪਾਵੇ,
ਜੇੜ੍ਹੀਆਂ ਖ਼ਾਲਸੇ ਨੇ ਤੇਗ਼ਾਂ ਮਾਰੀਆਂ ਨੀਂ ।
ਸਣੇ ਆਦਮੀ ਗੋਲੀਆਂ ਨਾਲ ਉਡਣ,
ਹਾਥੀ ਡਿੱਗਦੇ ਸਣੇ ਅੰਬਾਰੀਆਂ ਨੀਂ ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,
ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀਂ ।'' *10*

(b) ''ਲੁਕ ਲੁਕ ਬਹਿਣ ਲਈ ਸੁਰਮਈ ਤੁਸਾਂ, ਬਾਰੀਕ ਦੁਪੱਟਾ ਤਾਣ ਲਿਆ,
ਪਰ ਜਾਲੀ ਵਿਚੋਂ ਵੇਖ ਅਸਾਂ, ਸਾਰਾ ਰੰਗ-ਰੂਪ ਪਛਾਣ ਲਿਆ ।
ਜਿਸ ਖੂੰਜੇ ਅੰਦਰ ਵੱਸਦੇ ਹੋ, ਉਹ ਹੁਜਰਾ ਏ ਏਸ ਬੰਦੇ ਦਾ,
ਘਟ ਘਟ ਵਿਚ ਆਸਣ ਵਿੱਛਿਆ ਹੈ, ਇਹ ਭੇਦ ਪੁਰਾਣਾ ਜਾਣ ਲਿਆ ।'' *10*

(c) ''ਸਰਕਾਰੀ ਅਫ਼ਸਰ, ਵੱਡੇ ਵੱਡੇ ਸਾਇੰਸਦਾਨ, ਪ੍ਰੋਫ਼ੈਸਰ, ਐਕਟਰ, ਐਕਟਰੈਸਾਂ, ਇੰਜੀਨੀਅਰ, ਚਿੱਤਰਕਾਰ, ਸੰਗੀਤਕਾਰ, ਲੇਖਕ, ਪੁਲਾੜਬਾਜ਼, ਮਨਿਸਟਰ, ਨਾਈ, ਟੈਕਸੀ ਡਰਾਈਵਰ, ਹੋਟਲਾਂ ਦੇ ਬੈਰੇ, ਲਾਂਡਰੀ ਵਿਚ ਕੰਮ ਕਰਨ ਵਾਲੀਆਂ ਔਰਤਾਂ, ਕਾਰਖ਼ਾਨਿਆਂ ਵਿਚ ਕੰਮ ਕਰਨ ਵਾਲੇ ਮਜ਼ੂਰ, ਸੜਕਾਂ ਸਾਫ਼ ਕਰਨ ਵਾਲੇ ਖ਼ਾਕਰੋਬ, ਸਭ ਇਕੋ ਤਰ੍ਹਾਂ ਦੇ ਫ਼ਲੈਟਾਂ ਅਤੇ ਇਕੋ ਜਿਹੀਆਂ ਇਮਾਰਤਾਂ ਵਿਚ, ਨਾਲੋ ਨਾਲ ਵੱਸਦੇ ਹਨ ।'' *10*

(d) ''ਇਹ ਪਿਆਰ, ਜਦੋਂ ਮਨੁੱਖ ਦੀ ਜੀਵਨ-ਚੇਤਨਾ ਬੜੀ ਵਿਕਾਸ ਕਰ ਜਾਏ, ਇੱਕ ਬੜੀ ਸੋਹਣੀ ਰਾਸ ਬਣਾਇਆ ਜਾ ਸਕਦਾ ਹੈ । ਜਿਸ ਜ਼ਿੰਦਗੀ ਨੂੰ ਅਸੀਂ ਸ਼ਰੀਰਕ ਲੋੜਾਂ ਲਈ ਅਮੁੱਲ ਘੋਲ ਸਮਝ ਕੇ ਜੀਉਂਦੇ ਆਏ ਹਾਂ, ਉਹ ਇਕ ਸੁੱਚਜਾ ਤੇ ਸੁਆਦਲਾ ਤਜਰਬਾ ਬਣਾਈ ਜਾ ਸਕਦੀ ਹੈ, ਜਿਦੀ ਇੱਕ ਇੱਕ ਘੜੀ ਵਿੱਚੋਂ, ਭਾਵੇਂ ਉਹ ਔਖੀ ਹੋਵੇ ਤੇ ਭਾਵੇਂ ਸੌਖੀ, ਕੋਈ ਆਨੰਦ ਨਚੋੜਿਆ ਜਾ ਸਕਦਾ ਹੈ ।'' *10*

(e) "ਕਾਕੂ : ਜੇ ਲੋਹਾ ਠੰਡਾ ਹੋ ਜਾਏ ਤਾਂ ਮਾੜਾ । ਏਸ ਵੇਲੇ ਫਾਲੇ ਲਾਲ ਸੂਹੇ ਹੋਏ ਪਏ ਨੇ । ਇਨ੍ਹਾਂ ਨੂੰ ਚੰਡਣਾ ਚਾਹੀਦਾ ਹੈ ।

ਕਾਕੂ : ਬੈਣੋ ਦੇ ਵਿਆਹ ਉੱਤੇ ਤਿੰਨ ਦਿਨ ਜੰਝ ਰਖਾਂਗੇ । ਤਿੰਨ ਦਿਨ ਕੁੜਮਾਂ ਦੀ ਟਹਿਲ । ਰੱਜਕੇ ਤੋਰੂੰ । ਪਿੰਡ ਵਾਲੇ ਯਾਦ ਰੱਖਣਗੇ ।

ਕਾਕੂ : ਤੂੰ ! ਏਸ ਲਈ ਕੋਈ ਤਸੀਲਦਾਰ ਸਾਹਿਬ ਕਿੱਥੋਂ ਭਾਲ ਲਿਆਵਾਂ । ਕੀ ਇਹ ਤਾਂ ਨਖੱਟੂ ਤੇ ਵਿਹਲਿਆਂ ਦੀਆਂ ਗੱਲਾਂ ਨੇ ..... ਅੱਜ ਪੈਰ ਹਿਲਾਉਣਾ ਨਹੀਂ, ਦੇਹ ਨੇ ਛੇਕੜ ਪੀਲਾ ਹੀ ਹੋਣਾ ਹੋਇਆ ..... ।" 10

**Q6.** (a) 'ਸੂਫ਼ੀਖ਼ਾਨਾ' ਕਾਵਿ-ਸੰਗ੍ਰਹਿ ਦੇ ਆਧਾਰ'ਤੇ, ਕਵੀ ਧਨੀ ਰਾਮ ਚਾਤ੍ਰਿਕ ਦੀ ਨਵ-ਸੂਫ਼ੀ ਵਿਚਾਰਧਾਰਾ ਨਾਲ ਜੁੜੇ ਹੋਏ, ਬੁਨਿਆਦੀ ਸੰਕਲਪਾਂ ਤੇ ਸੂਫ਼ੀ-ਨਿਜਮਾਂ ਨਾਲ ਜਾਣ-ਪਛਾਣ ਕਰਾਉ । 15

(b) " 'ਮੇਰਾ ਰੂਸੀ ਸਫ਼ਰਨਾਮਾ' ਪੁਸਤਕ ਵਿਚ ਬਲਰਾਜ ਸਾਹਨੀ, ਸਮਾਜਵਾਦੀ ਦੇਸ਼ ਦੇ ਲੋਕਾਂ ਦੇ ਸਮਾਜਕ ਅਤੇ ਸਭਿਆਚਾਰਕ-ਜੀਵਨ ਬਾਰੇ, ਵਿਭਿੰਨ ਪ੍ਰਕਾਰ ਦੀਆਂ ਪ੍ਰਸੰਸਾਤਮਕ-ਟਿੱਪਣੀਆਂ ਤਾਂ ਕਰਦਾ ਹੀ ਹੈ, ਪਰੰਤੂ ਭ੍ਰਿਸ਼ਟਾਚਾਰ, ਟੱਬਰ ਪਰਵਰੀ ਵਾਲੀਆਂ ਰੁਚੀਆਂ ਅਤੇ ਦਫ਼ਤਰਸ਼ਾਹੀ ਵਰਗੇ ਵਿਭਿੰਨ ਪ੍ਰਕਾਰ ਦੇ ਮਾੜੇ ਤੱਤਾਂ ਦੀ ਜਾਣਕਾਰੀ, ਘੁੱਟਵੇਂ ਤੇ ਸੰਕੋਚਵੇਂ ਢੰਗ ਨਾਲ ਦੇਂਦਾ ਹੈ । ਇਹ ਸਫ਼ਰਨਾਮਾ ਜਦੋਂ ਭਾਰਤੀਆਂ ਦੇ ਇਨ੍ਹਾਂ ਜੀਵਨ-ਮੁੱਲਾਂ ਦੀ ਗੱਲ ਕਰਦਾ ਹੈ ਤਾਂ ਉਸਦੀ ਉੱਭਰਵੀਂ ਸੁਰ ਵਿਅੰਗਾਤਮਕ ਹੀ ਰਹਿੰਦੀ ਹੈ ।" ਕਥਨ ਦੀ ਪੁਸ਼ਟੀ ਕਰੋ । 20

(c) ਸੰਤ ਸਿੰਘ ਸੇਖੋਂ ਦੀ ਪੁਸਤਕ 'ਸਾਹਿਤਿਆਰਥ' ਦਾ, ਆਧੁਨਿਕ ਪੰਜਾਬੀ ਸਾਹਿਤ-ਚਿੰਤਨ ਦੇ ਖੇਤਰ ਵਿਚ, ਵਿਸ਼ੇਸ਼ ਮਹੱਤਵ ਕੀ ਹੈ ? ਵਿਸਥਾਰ ਸਹਿਤ ਚਰਚਾ ਕਰੋ । 15

**Q7.** (a) 'ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ' ਵਿਚ, ਸ਼ਾਹ ਮੁਹੰਮਦ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਪਤਨ ਦੀ ਵਿੱਥਿਆ ਦਾ, ਕਿਵੇਂ ਕਾਵਿ-ਰੂਪਾਂਤਰਣ ਕੀਤਾ ਹੈ ? ਉਦਾਹਰਣਾਂ ਸਹਿਤ ਚਰਚਾ ਕਰੋ । 20

(b) 'ਲੋਹਾ ਕੁੱਟ' ਤੇ 'ਧੂਣੀ ਦੀ ਅੱਗ' ਨਾਟਕਾਂ ਨੂੰ, ਰੰਗਮੰਚ ਦੀ ਦ੍ਰਿਸ਼ਟੀ ਤੋਂ ਚਰਚਾ ਦਾ ਵਿਸ਼ਾ ਬਣਾਉ । 15

(c) 'ਚੰਦਨ ਵਾੜੀ' ਅਤੇ 'ਨਵਾ ਜਹਾਨ' ਕਾਵਿ-ਸੰਗ੍ਰਹਿਆ ਦੇ ਆਧਾਰ 'ਤੇ, ਧਨੀ ਰਾਮ ਚਾਤ੍ਰਿਕ ਦੀ ਕਾਵਿ-ਕਲਾ ਦੀਆਂ ਵਿਸ਼ੇਸ਼ਤਾਵਾਂ ਬਿਆਨ ਕਰੋ । 15

**Q8.** (a) 'ਸਾਹਿਤਿਆਰਥ' ਅਤੇ 'ਪੰਜਾਬੀ ਕਾਵਿ-ਸ਼੍ਰੋਮਣੀ' ਆਲੋਚਨਾ-ਪੁਸਤਕਾਂ ਦੇ ਆਧਾਰ 'ਤੇ, ਸੰਤ ਸਿੰਘ ਸੇਖੋਂ ਦੀ ਆਲੋਚਨਾ-ਦ੍ਰਿਸ਼ਟੀ ਨੂੰ, ਚਰਚਾ ਦਾ ਵਿਸ਼ਾ ਬਣਾਉ । *20*

(b) ''ਨਾਨਕ ਸਿੰਘ ਦੀ ਨਾਵਲ-ਕਲਾ ਦਾ ਵਿਕਾਸ ਅਤੇ ਪੰਜਾਬ ਦਾ ਸਮਾਜਕ-ਇਤਿਹਾਸ, ਨਾਲੋ ਨਾਲ ਚਲਦੇ ਹਨ ।'' ਚਿੱਟਾ ਲਹੂ, ਪਵਿੱਤਰ ਪਾਪੀ ਅਤੇ ਇਕ ਮਿਆਨ ਦੋ ਤਲਵਾਰਾਂ, ਨਾਵਲਾਂ ਦੇ ਆਧਾਰ 'ਤੇ, ਇਸ ਕਥਨ ਦੇ ਹੱਕ ਜਾਂ ਵਿਰੋਧ ਵਿਚ ਆਪਣੇ ਵਿਚਾਰ ਪਰਗਟ ਕਰੋ । *15*

(c) ਬਲਰਾਜ ਸਾਹਨੀ ਦੁਆਰਾ ਰਚਿਤ 'ਮੇਰਾ ਪਾਕਿਸਤਾਨੀ ਸਫ਼ਰਨਾਮਾ', ਪਾਕਿਸਤਾਨ ਦੇਸ਼ ਦੇ, ਕਿਹੋ ਜਿਹੇ ਬਿੰਬ ਦੀ ਉਸਾਰੀ ਕਰਦਾ ਹੈ ? ਉਦਾਹਰਣਾਂ ਸਹਿਤ ਸਪੱਸ਼ਟ ਕਰੋ । *15*

CS (Main) Exam,2019

**SDF-B-PNJB**

# ਪੰਜਾਬੀ / PUNJABI

## ਪੇਪਰ II / Paper II

## ( ਸਾਹਿਤ ) / ( LITERATURE )

| | |
|---|---|
| *ਨਿਰਧਾਰਿਤ ਸਮਾਂ : **ਤਿੰਨ** ਘੰਟੇ* | *ਕੁੱਲ ਅੰਕ :* **250** |
| *Time Allowed :* ***Three*** *Hours* | *Maximum Marks :* **250** |

### ਪ੍ਰਸ਼ਨ ਪੱਤਰ ਲਈ ਵਿਸ਼ੇਸ਼ ਹਦਾਇਤਾਂ

***ਕ੍ਰਿਪਾ ਕਰਕੇ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਨਿਮਨ ਲਿਖਿਤ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ :***

*ਪ੍ਰਸ਼ਨ ਪੱਤਰ ਵਿੱਚ ਕੁਲ **ਅੱਠ** ਪ੍ਰਸ਼ਨ ਹਨ ਜੋ **ਦੋ ਭਾਗਾਂ** ਵਿਚ ਵੰਡੇ ਹੋਏ ਹਨ ।*

*ਉਮੀਦਵਾਰ ਨੇ ਕੁਲ **ਪੰਜ** ਪ੍ਰਸ਼ਨ ਕਰਨੇ ਹਨ ।*

*ਪ੍ਰਸ਼ਨ ਨੰਬਰ **1** ਅਤੇ **5** ਲਾਜ਼ਮੀ ਹਨ । ਬਾਕੀ ਪ੍ਰਸ਼ਨਾਂ ਵਿਚੋਂ ਕੋਈ **ਤਿੰਨ** ਪ੍ਰਸ਼ਨ ਕਰੋ ਪਰੰਤੂ ਦੋਵੇਂ ਭਾਗਾਂ ਵਿਚੋਂ ਘੱਟੋ ਘੱਟ **ਇੱਕ-ਇੱਕ** ਪ੍ਰਸ਼ਨ ਜ਼ਰੂਰ ਚੁਣੋ ।*

*ਹਰ ਪ੍ਰਸ਼ਨ/ਭਾਗ ਦੇ ਅੰਕ ਉਸ ਦੇ ਨਾਲ ਹੀ ਦਸੇ ਗਏ ਹਨ ।*

*ਪ੍ਰਸ਼ਨਾਂ ਦੇ ਉੱਤਰ **ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ)** ਵਿਚ ਹੀ ਲਿਖੋ ।*

*ਪ੍ਰਸ਼ਨਾਂ ਦੇ ਉੱਤਰ ਲਈ ਸ਼ਬਦਾਂ ਦੀ ਸੀਮਾਂ ਜਿੱਥੇ ਵੀ ਦਿੱਤੀ ਹੈ, ਉਸ ਦੀ ਜ਼ਰੂਰ ਪਾਲਣਾ ਕਰੋ ।*

*ਪ੍ਰਸ਼ਨਾਂ ਦੇ ਉੱਤਰਾਂ ਦਾ ਮੁਲਾਂਕਣ ਕਰਦੇ ਸਮੇਂ ਉੱਤਰਾਂ ਦੀ ਕ੍ਰਮ ਲੜੀ ਨੂੰ ਸਾਹਮਣੇ ਰੱਖਿਆ ਜਾਵੇਗਾ । ਜਿਸ ਉਤਰ ਨੂੰ ਕਟਿਆ ਨਾ ਗਿਆ ਉਸ ਦਾ ਮੁਲਾਂਕਣ ਕਰ ਲਿਆ ਜਾਵੇਗਾ, ਭਾਵੇਂ ਉਹ ਅਧੂਰਾ ਹੀ ਹੋਇਆ ਹੋਵੇ । ਉੱਤਰ ਪੱਤਰੀ ਦਾ ਕੋਈ ਵੀ ਪੰਨਾ ਜਾਂ ਪੰਨੇ ਦਾ ਖਾਲੀ ਹਿਸਾ ਜੇ ਖਾਲੀ ਹੈ ਤਾਂ ਉਸ ਉਤੇ ਕਾਟਾ ਮਾਰਨਾ ਜ਼ਰੂਰੀ ਹੈ ।*

### Question Paper Specific Instructions

***Please read each of the following instructions carefully before attempting questions :***

*There are **EIGHT** questions divided in **TWO SECTIONS**.*

*Candidate has to attempt **FIVE** questions in all.*

*Question nos. **1** and **5** are compulsory and out of the remaining, any **THREE** are to be attempted choosing at least **ONE** question from each section.*

*The number of marks carried by a question / part is indicated against it.*

*Answers must be written in **PUNJABI (Gurumukhi script)**.*

*Word limit in questions, wherever specified, should be adhered to.*

*Attempts of questions shall be counted in sequential order. Unless struck off, attempt of a question shall be counted even if attempted partly. Any page or portion of the page left blank in the Question-cum-Answer Booklet must be clearly struck off.*

## SECTION A

**Q1.** ਹੇਠ ਲਿਖੇ ਪੰਜਾਂ ਕਾਵਿ-ਟੋਟਿਆਂ ਦੀ ਪ੍ਰਸੰਗ ਸਹਿਤ ਆਲੋਚਨਾਤਮਕ ਵਿਆਖਿਆ ਕਰੋ ।
**(ਸ਼ਬਦ ਸੀਮਾ : 150 ਹਰੇਕ)** *10×5=50*

(a) ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ ।।
ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ।। *10*

(b) ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ।।
ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ।।
ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ।।
ਆਦੇਸੁ ਤਿਸੈ ਆਦੇਸੁ ।
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ।। *10*

(c) ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ।।
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ।।
ਕੂੜੁ ਸੁਇਨਾ ਕੂੜ ਰੁਪਾ ਕੂੜੁ ਪੈਨ੍ਹਣਹਾਰੁ ।।
ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ।। *10*

(d) ਰਾਂਝਾ ਰਾਂਝਾ ਕਰਦੀ ਹੁਣ ਮੈਂ ਆਪੇ ਰਾਂਝਾ ਹੋਈ
ਸੱਦੋ ਮੈਨੂੰ ਧੀਦੋ ਰਾਂਝਾ ਹੀਰ ਨਾ ਆਖੋ ਕੋਈ
ਰਾਂਝਾ ਮੈਂ ਵਿਚ ਮੈਂ ਰਾਂਝੇ ਵਿਚ ਹੋਰ ਖ਼ਿਆਲ ਨਾ ਕੋਈ
ਮੈ ਨਾਹੀਂ ਉਹ ਆਪ ਹੈ ਅਪਣੀ ਆਪ ਕਰੇ ਦਿਲਜੋਈ । *10*

(e) ਰਾਂਝਾ ਆਖਦਾ ਇਹ ਜਹਾਨ ਸੁਫਨਾ, ਮਰ ਜਾਵਣਾ ਹੈ ਮਤਵਾਲੀਏ ਨੀ
ਤੁਸਾਂ ਜਿਹਿਆਂ ਪਿਆਰਿਆਂ ਇਹ ਲਾਜ਼ਮ, ਆਏ ਗਏ ਮੁਸਾਫਰਾਂ ਪਾਲੀਏ ਨੀ
ਏਡਾ ਹੁਸਨ ਦਾ ਨਾ ਗੁਮਾਨ ਕੀਜੈ, ਏਹ ਲੈ ਪਲੰਗ ਹਈ ਸਣੇ ਨਹਾਲੀਏ ਨੀ
ਅਸਾਂ ਰੱਬ ਦਾ ਆਸਰਾ ਰੱਖਿਆ ਏ, ਉਠ ਜਾਵਣਾ ਹੈ ਨੈਨਾਂ ਵਾਲੀਏ ਨੀ । *10*

**Q2.** (a) 'ਇਸਲਾਮੀ ਪਿਛੋਕੜ ਦੇ ਬਾਵਜੁਦ ਸ਼ੇਖ਼ ਫ਼ਰੀਦ ਨੇ ਆਪਣੀ ਬਾਣੀ ਵਿਚ ਨੈਤਿਕਤਾ ਦੇ ਉਪਦੇਸ਼ ਲਈ ਪੰਜਾਬ ਦੇ ਸਥਾਨਕ ਸਭਿਆਚਾਰ ਦੀਆਂ ਰਹੁ-ਰੀਤਾਂ ਨੂੰ ਸੁਚੇਤ ਤੌਰ 'ਤੇ ਵਰਤਿਆ ਹੈ ।' ਇਸ ਕਥਨ ਬਾਰੇ ਟਿੱਪਣੀ ਕਰੋ । 20

(b) 'ਜਪੁਜੀ' ਵਿਚ ਆਏ 'ਸਚਿਆਰ' ਪਦ ਤੋਂ ਕੀ ਭਾਵ ਹੈ ? ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਜਪੁਜੀ' ਵਿਚ ਮਨੁੱਖ ਦੇ ਸਚਿਆਰ ਪਦ ਦਾ ਧਾਰਣੀ ਹੋਣ ਲਈ ਕਿਸ ਸਾਧਨਾ ਮਾਰਗ 'ਤੇ ਚੱਲਣ ਦਾ ਸੁਝਾਅ ਦਿੱਤਾ ਹੈ ? ਚਰਚਾ ਕਰੋ । 15

(c) ਮੱਧਕਾਲੀ ਭਾਰਤੀ ਸਮਾਜ ਵਿਚ ਔਰਤ ਦੀ ਦਮਿਤ ਸਥਿਤੀ ਦੇ ਬਾਵਜੂਦ ਵਾਰਿਸਸ਼ਾਹ ਆਪਣੇ ਕਿੱਸੇ ਵਿਚ ਹੀਰ ਨੂੰ ਨਾਇਕ ਕਿਉਂ ਬਣਾਉਂਦਾ ਹੈ ? ਕਿੱਸਾ ਹੀਰ-ਰਾਂਝਾ ਦੇ ਹਵਾਲੇ ਨਾਲ ਵਾਰਿਸਸ਼ਾਹ ਦੀ ਦ੍ਰਿਸ਼ਟੀ ਬਾਰੇ ਚਰਚਾ ਕਰੋ । 15

**Q3.** (a) "ਸਾਈਂ ਬੁੱਲ੍ਹੇ ਸ਼ਾਹ ਦੇ ਕਲਾਮ ਵਿਚ 'ਇਸ਼ਕ' ਤੇ 'ਸ਼ਰ੍ਹਾ' ਦਾ ਵਿਰੋਧ ਮੱਧਕਾਲੀ ਭਾਰਤੀ ਸਮਾਜ ਵਿਚ ਧਾਰਮਿਕ ਸੰਸਥਾਵਾਂ ਵਿਚ ਆਏ ਨਿਘਾਰ ਨੂੰ ਉਜਾਗਰ ਕਰਦਾ ਹੈ । ਬੁੱਲ੍ਹੇ ਸ਼ਾਹ ਦਾ 'ਪ੍ਰੇਮ-ਨਗਰ' ਧਾਰਮਿਕ ਕਰਮਕਾਂਡ ਤੇ ਫ਼ਿਰਕੂ ਕੱਟੜਤਾ ਤੋਂ ਨਾਬਰੀ ਦਾ ਸੂਚਕ ਹੈ ।" ਕੀ ਤੁਸੀਂ ਇਸ ਕਥਨ ਨਾਲ ਸਹਿਮਤ ਹੋ ? 20

(b) 'ਆਸਾ ਦੀ ਵਾਰ' ਵਿਚ ਗੁਰੂ ਨਾਨਕ ਦੇਵ ਜੀ ਆਪਣੇ ਸਮਕਾਲੀ ਸਮਾਜ ਦੀ ਧਾਰਮਿਕ, ਰਾਜਸੀ ਅਤੇ ਨੈਤਿਕ ਸਥਿਤੀ ਦਾ ਵਰਣਨ ਕਿਵੇ ਕਰਦੇ ਹਨ ? 'ਆਸਾ ਦੀ ਵਾਰ' ਵਿਚੋਂ ਉਦਾਹਰਨਾਂ ਦੇ ਕੇ ਸਪੱਸ਼ਟ ਕਰੋ । 15

(c) "ਸ਼ੇਖ਼ ਫ਼ਰੀਦ ਦੀ ਬਾਣੀ ਵਿਚ 'ਦਰਵੇਸ਼' ਦਾ ਸਬਰ ਸੰਤੋਖ ਵਾਲਾ ਸੰਜਮੀ ਜੀਵਨ ਉਸ ਵੇਲੇ ਦੀਆਂ ਹਾਕਮ ਤੇ ਕਾਬਜ਼ ਜਮਾਤਾਂ ਦੇ ਵਿਲਾਸੀ ਜੀਵਨ ਦੇ ਬਦਲ ਵਜੋਂ ਪੇਸ਼ ਹੋਇਆ ਹੈ ।" ਸ਼ੇਖ਼ ਫ਼ਰੀਦ ਦੇ ਸ਼ਲੋਕਾਂ ਦੇ ਹਵਾਲੇ ਨਾਲ ਸਪੱਸ਼ਟ ਕਰੋ । 15

**Q4.** (a) "ਕਿੱਸਾ ਹੀਰ ਵਾਰਿਸ ਕੇਵਲ ਦੁਨਿਆਵੀ ਇਸ਼ਕ ਦੀ ਕਹਾਣੀ ਨਹੀ, ਇਹ ਮਨੁੱਖ ਦੀ ਰੂਹਾਨੀ ਅਮੀਰੀ ਅਤੇ ਸਮਾਜਕ ਅਨਿਆਂ ਵਿਰੁੱਧ ਨਾਬਰੀ ਦਾ ਬਿਰਤਾਂਤ ਹੈ ।" ਇਸ ਕਥਨ ਬਾਰੇ ਚਰਚਾ ਕਰੋ । 20

(b) ਗੁਰੂ ਨਾਨਕ ਰਚਿਤ 'ਬਾਰਹ ਮਾਹ' ਰਾਗੁ ਤੁਖਾਰੀ ਵਿਚ ਪ੍ਰਕਿਰਤਕ ਵਰਤਾਰਿਆਂ ਨੂੰ ਮਾਨਵੀ ਵੇਦਨਾ ਦੇ ਪ੍ਰਗਟਾ ਲਈ ਕਿਵੇਂ ਵਰਤਿਆ ਗਿਆ ਹੈ ? ਬਾਰਹ ਮਾਹ ਵਿਚੋਂ ਮਿਸਾਲਾਂ ਦੇ ਕੇ ਸਪਸ਼ਟ ਕਰੋ । 15

(c) ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਦੇ ਪ੍ਰਤੀਕ-ਵਿਧਾਨ ਬਾਰੇ ਆਲੋਚਨਾਤਮਕ ਚਰਚਾ ਕਰੋ । 15

## SECTION B

**Q5.** ਹੇਠ ਲਿਖੇ ਪੰਜਾਂ ਸਾਹਿਤਕ ਖੰਡਾਂ ਦੀ ਪ੍ਰਸੰਗ ਸਹਿਤ ਆਲੋਚਨਾਤਮਕ ਵਿਆਖਿਆ ਕਰੋ ।
(ਸ਼ਬਦ ਸੀਮਾ : 150 ਹਰੇਕ) *10×5=50*

(a) ਝੰਡੇ ਨਿਕਲੇ ਕੂਚ ਦਾ ਹੁਕਮ ਹੋਇਆ, ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ ।
ਚੜ੍ਹੇ ਪੁੱਤ ਸਰਦਾਰਾਂ ਦੇ ਛੈਲ ਬਾਂਕੇ, ਜੈਸੇ ਬੇਲਿਓਂ ਨਿਕਲਦੇ ਸ਼ੇਰ ਮੀਆਂ ।
ਚੜ੍ਹੇ ਸਭ ਮਝੈਲ, ਦੁਆਬੀਏ ਜੀ, ਜਿਨ੍ਹਾਂ ਕਿਲੇ ਨਿਵਾਏ ਨੇ ਢੇਰ ਮੀਆਂ ।
ਸ਼ਾਹ ਮੁਹੰਮਦਾ ਚੜ੍ਹੇ ਜਮੂਰ-ਖਾਨੇ, ਹੋਇਆ ਹੁਕਮ ਨਾ ਲਾਂਵਦੇ ਦੇਰ ਮੀਆਂ । *10*

(b) ਇਕੋ ਰੁੱਖ ਦੇ ਟਾਹਣ ਹੋ ਤੁਸੀਂ ਤਿੰਨੋ
ਲੱਖ ਵੱਖਰਾ ਵੱਖਰਾ ਨਾਂ ਹੋਵੇ
ਰਲ ਕੇ ਬੈਠਿਆਂ ਆਪ ਵੀ ਸੁਖੀ ਵੱਸੇ
ਨਾਲ ਹੱਕ-ਹਮਸਾਏ ਨੂੰ ਛਾਂ ਹੋਵੇ । *10*

(c) ਮੇਰੇ ਸਿਰਤਾਜ ! ਮੈਨੂੰ ਆਪਣੇ ਇਸ ਚੰਚਲ ਮਨ ਉਤੇ ਭਰੋਸਾ ਨਹੀਂ ਰਿਹਾ । ਇਹ ਮੈਨੂੰ ਗੁੰਮਰਾਹੀ ਵਲ ਲੈ ਜਾਣ ਦਾ ਯਤਨ ਕਰਦਾ ਹੈ ਤੇ ਬਦਲੇ ਵੀ ਅੱਗ ਕਿਸੇ ਕਿਸੇ ਵੇਲੇ ਮੇਰੇ ਦਿਲ ਵਿਚ ਇਤਨੀ ਭਟਕ ਉਠਦੀ ਹੈ ਕਿ ਮੈਂ ਆਪਣੇ ਆਪ ਤੋਂ ਬਾਹਰ ਹੋ ਜਾਂਦੀ ਹਾਂ । ਸੋ ਮੇਰੀ ਹੁਣ ਤੁਹਾਡੇ ਪਾਸ ਇਹੋ ਬੇਨਤੀ ਹੈ ਕਿ ਮੈਨੂੰ ਆਪਣੇ ਹੁਕਮ ਵਿਚ ਚਲਾਓ ਤੇ ਆਪਣੇ ਹੀ ਸਾਏ ਹੇਠ ਰਖੋ । *10*

(d) ਕਲਾ ਮਨੁੱਖੀ ਦਿਲ ਦੀ ਜ਼ਬਾਨ ਹੈ, ਇਹਦੇ ਬਿਨਾਂ ਮਨੁੱਖੀ ਦਿਲ ਗੂੰਗਿਆਂ ਵਾਂਗ ਬੇ-ਤੌਰ ਭੌਰ ਹੋ ਜਾਂਦਾ ਹੈ । ਇਨਸਾਨ ਤੇ ਹੈਵਾਨ ਵਿਚ ਫ਼ਰਕ ਸਿਰਫ਼ ਕਲਾ ਦਾ ਹੈ । ਹੁਣ ਵੀ ਧਰਤੀ ਦੀਆਂ ਕਈ ਥਾਵਾਂ 'ਤੇ ਮਨੁੱਖੀ ਨਕਸ਼ਾਂ ਵਾਲੇ ਬੰਦੇ ਵਸਦੇ ਹਨ, ਜਿਨ੍ਹਾਂ ਨੂੰ ਅਜੇ ਕਲਾ ਦੀ ਕਰਾਮਾਤ ਪ੍ਰਾਪਤ ਨਹੀਂ ਹੋਈ, ਉਹ ਮਨੁੱਖੀ ਨਕਸ਼ਾਂ ਵਾਲੇ ਹੈਵਾਨ ਹਨ । *10*

(e) ਸੰਤੀ : ਮੱਚੇ ਹੋਏ ਲੋਹੇ ਦਾ ਬੂਰ ਉਡ ਉਡ ਕੇ ਤੇਰੇ ਸਰੀਰ ਵਿਚ ਰਚ ਗਿਐ । ਦਿਨ ਰਾਤ ਲੋਹਾ ਕੁਟਦੇ ਕੁਟਦੇ ਤੂੰ ਆਪ ਲੋਹਾ ਹੋ ਗਿਐਂ..... ਠੰਢਾ, ਬੇਕਿਰਕ, ਬੇਹਿੱਸ..... ਉੱਨੀ ਵਰ੍ਹੇ ਹਥੌੜੇ ਦੀਆਂ ਅੰਨ੍ਹੀਆਂ ਸੱਟਾਂ ਨੇ ਮੇਰੀ ਰੂਹ ਨੂੰ ਭੰਨ ਦਿਤਾ ਏ..... ਪੂਰੇ ਉੱਨੀ ਵਰ੍ਹੇ । *10*

**Q6.** (a) "ਪੰਜਾਬੀ ਕਥਾ-ਸਾਹਿਤ ਵਿਚ ਯਥਾਰਥ ਦੀ ਚਿੰਤਾ ਦਾ ਉਦੈ ਪਹਿਲੀਵਾਰ ਨਾਨਕ ਸਿੰਘ ਵਿਚ ਹੁੰਦਾ ਹੈ ।" ਇਸ ਕਥਨ ਦੀ ਰੌਸ਼ਨੀ ਵਿਚ 'ਚਿੱਟਾ ਲਹੂ' ਤੇ 'ਇਕ ਮਿਆਨ ਦੋ ਤਲਵਾਰਾ' ਨਾਵਲਾਂ ਦੇ ਹਵਾਲੇ ਨਾਲ ਨਾਨਕ ਸਿੰਘ ਦੀ ਯਥਾਰਥਵਾਦੀ ਗਲਪ-ਦ੍ਰਿਸ਼ਟੀ ਬਾਰੇ ਚਰਚਾ ਕਰੋ । *20*

(b) 'ਮੇਰਾ ਰੂਸੀ ਸਫ਼ਰਨਾਮਾ' ਵਿਚ ਬਲਰਾਜ ਸਾਹਨੀ ਸੋਵੀਅਤ ਸੰਘ ਦੇ ਸਮਾਜਕ, ਆਰਥਿਕ ਅਤੇ ਰਾਜਸੀ ਪ੍ਰਬੰਧ ਨੂੰ ਕਿਸ ਦ੍ਰਿਸ਼ਟੀ ਤੋਂ ਪੇਸ਼ ਕਰਦਾ ਹੈ ? ਉਦਾਹਰਣਾਂ ਸਹਿਤ ਸਪੱਸ਼ਟ ਕਰੋ । *15*

(c) ਸ਼ਾਹ ਮੁਹੰਮਦ ਰਚਿਤ 'ਜੰਗ ਸਿੰਘਾਂ ਤੇ ਫਰੰਗੀਆਂ' ਦੀ ਵਿਧਾ (Genre) ਦਾ ਨਿਰਣਾ ਕਰੋ । ਇਸ ਰਚਨਾ ਨੂੰ ਕਿੱਸਾ, ਵਾਰ ਜਾਂ ਜੰਗਨਾਮਾ ਵਿਚੋਂ ਕਿਹੜਾ ਨਾਮ ਦੇਣਾ ਉਚਿਤ ਹੈ ? ਦਲੀਲਾਂ ਨਾਲ ਆਪਣਾ ਪੱਖ ਸਪੱਸ਼ਟ ਕਰੋ । *15*

**Q7.** (a) ਪੰਜਾਬੀ ਸਾਹਿਤ-ਆਲੋਚਨਾ ਨੂੰ ਵਿਗਿਆਨਕ ਆਧਾਰ ਦੇਣ ਦਾ ਸਿਹਰਾ ਸੰਤ ਸਿੰਘ ਸੇਖੋਂ ਨੂੰ ਜਾਂਦਾ ਹੈ । 'ਸਾਹਿਤਿਆਰਥ' ਦੇ ਹਵਾਲੇ ਨਾਲ ਸੇਖੋਂ ਦੇ ਸਾਹਿਤ-ਸ਼ਾਸਤਰੀ ਚਿੰਤਨ ਬਾਰੇ ਚਰਚਾ ਕਰੋ । *20*

(b) " 'ਮੇਰੀਆਂ ਅੱਭੁਲ ਯਾਦਾਂ' ਪੁਸਤਕ ਕੇਵਲ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਜੀਵਨ ਦਾ ਹੀ ਬਿਰਤਾਂਤ ਨਹੀਂ, ਸਗੋਂ ਇਸ ਵਿਚ ਉਸ ਦੇ ਦੌਰ ਦੇ ਕੌਮੀ ਤੇ ਕੌਮਾਂਤਰੀ ਜੀਵਨ ਵਿਚ ਆ ਰਹੇ ਪਰਿਵਰਤਨਾਂ ਦੀ ਵੀ ਟੋਹ ਮਿਲਦੀ ਹੈ ।" ਪੁਸਤਕ ਵਿਚੋਂ ਹਵਾਲੇ ਦੇ ਕੇ ਸਪਸ਼ਟ ਕਰੋ । *15*

(c) "ਨਾਨਕ ਸਿੰਘ ਪੰਜਾਬ ਦੇ ਸ਼ਹਿਰੀ ਮੱਧਵਰਗ ਦੇ ਜੀਵਨ ਦਾ ਚਿਤੇਰਾ ਹੈ ।" 'ਪਵਿੱਤਰ ਪਾਪੀ' ਨਾਵਲ ਦੇ ਹਵਾਲੇ ਨਾਲ ਇਸ ਕਥਨ ਦੀ ਪੁਸ਼ਟੀ ਕਰੋ । *15*

**Q8.** (a) "ਬਲਵੰਤ ਗਾਰਗੀ ਦੇ ਨਾਟਕਾਂ ਦੀਆਂ ਨਾਰੀ ਪਾਤਰ ਭਖਦੇ ਮਚਦੇ ਜਜ਼ਬੇ ਵਾਲੀਆਂ ਦਬੰਗ ਤੇ ਨਾਬਰ ਔਰਤਾਂ ਹਨ ।" 'ਲੋਹਾ ਕੁੱਟ', 'ਧੂਣੀ ਦੀ ਅੱਗ' ਅਤੇ 'ਸੁਲਤਾਨ ਰਜ਼ੀਆ' ਨਾਟਕਾਂ ਦੇ ਪ੍ਰਸੰਗ ਵਿਚ ਚਰਚਾ ਕਰੋ । *20*

(b) ਕੀ ਬਲਰਾਜ ਸਾਹਨੀ ਰਚਿਤ 'ਮੇਰਾ ਪਾਕਿਸਤਾਨੀ ਸਫ਼ਰਨਾਮਾ' ਸਾਹਿਤਕ ਪੱਖੋਂ ਸਫ਼ਲ ਰਚਨਾ ਹੈ ? ਇਕ ਸਫ਼ਰਨਾਮੇ ਵਜੋਂ ਇਸ ਦੀ ਪਰਖ ਪੜਚੋਲ ਕਰੋ । *15*

(c) ਧਨੀ ਰਾਮ ਚਾਤ੍ਰਿਕ ਦੀ ਉਦਾਰਵਾਦੀ-ਮਾਨਵਵਾਦੀ ਕਾਵਿ-ਦ੍ਰਿਸ਼ਟੀ ਬਾਰੇ 'ਸੂਫ਼ੀਖਾਨਾ' ਅਤੇ 'ਨਵਾਂ ਜਹਾਨ' ਕਾਵਿ-ਸੰਗ੍ਰਿਹਾਂ ਦੇ ਸੰਦਰਭ ਵਿਚ ਚਰਚਾ ਕਰੋ । *15*

CS (Main) Exam, 2020

**URC-B-PNJB**

# ਪੰਜਾਬੀ / PUNJABI

## ਪੇਪਰ II / Paper II

## ( ਸਾਹਿਤ ) / ( LITERATURE )

| | |
|---|---|
| *ਨਿਰਧਾਰਿਤ ਸਮਾਂ : **ਤਿੰਨ ਘੰਟੇ*** | *ਕੁੱਲ ਅੰਕ :* **250** |
| *Time Allowed : **Three** Hours* | *Maximum Marks :* **250** |

### ਪ੍ਰਸ਼ਨ ਪੱਤਰ ਲਈ ਵਿਸ਼ੇਸ਼ ਹਦਾਇਤਾਂ

***ਕ੍ਰਿਪਾ ਕਰਕੇ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਨਿਮਨ ਲਿਖਿਤ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ :***

ਪ੍ਰਸ਼ਨ ਪੱਤਰ ਵਿੱਚ ਕੁਲ **ਅੱਠ** ਪ੍ਰਸ਼ਨ ਹਨ ਜੋ **ਦੋ ਭਾਗਾਂ** ਵਿਚ ਵੰਡੇ ਹੋਏ ਹਨ ।

ਉਮੀਦਵਾਰ ਨੇ ਕੁਲ **ਪੰਜ** ਪ੍ਰਸ਼ਨ ਕਰਨੇ ਹਨ ।

ਪ੍ਰਸ਼ਨ ਨੰਬਰ **1** ਅਤੇ **5** ਲਾਜ਼ਮੀ ਹਨ । ਬਾਕੀ ਪ੍ਰਸ਼ਨਾਂ ਵਿਚੋਂ ਕੋਈ **ਤਿੰਨ** ਪ੍ਰਸ਼ਨ ਕਰੋ ਪਰੰਤੂ ਦੋਵੇਂ ਭਾਗਾਂ ਵਿਚੋਂ ਘੱਟੋ ਘੱਟ **ਇੱਕ-ਇੱਕ** ਪ੍ਰਸ਼ਨ ਜ਼ਰੂਰ ਚੁਣੋ ।

ਹਰ ਪ੍ਰਸ਼ਨ/ਭਾਗ ਦੇ ਅੰਕ ਉਸ ਦੇ ਨਾਲ ਹੀ ਦਸੇ ਗਏ ਹਨ ।

ਪ੍ਰਸ਼ਨਾਂ ਦੇ ਉੱਤਰ **ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ)** ਵਿਚ ਹੀ ਲਿਖੋ ।

ਪ੍ਰਸ਼ਨਾਂ ਦੇ ਉੱਤਰ ਲਈ ਸ਼ਬਦਾਂ ਦੀ ਸੀਮਾਂ ਜਿੱਥੇ ਵੀ ਦਿੱਤੀ ਹੈ, ਉਸ ਦੀ ਜ਼ਰੂਰ ਪਾਲਣਾ ਕਰੋ ।

ਪ੍ਰਸ਼ਨਾਂ ਦੇ ਉੱਤਰਾਂ ਦਾ ਮੁਲਾਂਕਣ ਕਰਦੇ ਸਮੇਂ ਉੱਤਰਾਂ ਦੀ ਕ੍ਰਮ ਲੜੀ ਨੂੰ ਸਾਹਮਣੇ ਰੱਖਿਆ ਜਾਵੇਗਾ । ਜਿਸ ਉਤਰ ਨੂੰ ਕਟਿਆ ਨਾ ਗਿਆ ਉਸ ਦਾ ਮੁਲਾਂਕਣ ਕਰ ਲਿਆ ਜਾਵੇਗਾ, ਭਾਵੇਂ ਉਹ ਅਧੂਰਾ ਹੀ ਹੋਇਆ ਹੋਵੇ । ਉੱਤਰ ਪੱਤਰੀ ਦਾ ਕੋਈ ਵੀ ਪੰਨਾ ਜਾਂ ਪੰਨੇ ਦਾ ਖਾਲੀ ਹਿਸਾ ਜੇ ਖਾਲੀ ਹੈ ਤਾਂ ਉਸ ਉਤੇ ਕਾਟਾ ਮਾਰਨਾ ਜ਼ਰੂਰੀ ਹੈ ।

### Question Paper Specific Instructions

***Please read each of the following instructions carefully before attempting questions :***

*There are **EIGHT** questions divided in **TWO SECTIONS**.*

*Candidate has to attempt **FIVE** questions in all.*

*Question nos. **1** and **5** are compulsory and out of the remaining, any **THREE** are to be attempted choosing at least **ONE** question from each section.*

*The number of marks carried by a question / part is indicated against it.*

*Answers must be written in **PUNJABI (Gurumukhi script)**.*

*Word limit in questions, wherever specified, should be adhered to.*

*Attempts of questions shall be counted in sequential order. Unless struck off, attempt of a question shall be counted even if attempted partly. Any page or portion of the page left blank in the Question-cum-Answer Booklet must be clearly struck off.*

## SECTION A

**Q1.** **ਨਿਮਨ ਦਰਜ ਪੰਜਾਂ ਕਾਵਿ-ਵੰਨਗੀਆਂ ਦੀ ਪ੍ਰਸੰਗ ਸਹਿਤ ਆਲੋਚਨਾਤਮਕ ਵਿਆਖਿਆ ਕਰੋ ।**
**(ਸ਼ਬਦ ਸੀਮਾ : 150 ਹਰੇਕ ਭਾਗ)** *10×5=50*

(a) ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ।। ਬਾਵਲਿ ਹੋਈ ਸੋ ਸਹੁ ਲੋਰਉ ।।
ਤੈ ਸਹਿ ਮਨ ਮਹਿ ਕੀਆ ਰੋਸੁ ।। ਮੁਝੁ ਅਵਗਨ ਸਹ ਨਾਹੀ ਦੋਸੁ ।।
ਤੈ ਸਾਹਿਬ ਕੀ ਮੈਂ ਸਾਰ ਨ ਜਾਨੀ ।। ਜੋਬਨੁ ਖੋਇ ਪਾਛੈ ਪਛੁਤਾਨੀ ।। *10*

(b) ਜਤੁ ਪਾਹਾਰਾ ਧੀਰਜੁ ਸੁਨਿਆਰੁ ।
ਅਹਰਣਿ ਮਤਿ ਵੇਦੁ ਹਥੀਆਰ ।
ਭਉ ਖਲਾ ਅਗਨਿ ਤਪ ਤਾਉ ।
ਭਾਂਡਾ ਭਾਉ ਅੰਮ੍ਰਿਤੁ ਤਿਤ ਢਾਲਿ
ਘੜੀਐ ਸਬਦੁ ਸਚੀ ਟਕਸਾਲ । *10*

(c) ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰ ।
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ।
ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮਰਦਾਰੁ ।
ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ । *10*

(d) ਮੈਂ ਕਿਉ ਕਰ ਜਾਵਾਂ ਕਾਅਬੇ ਨੂੰ
ਦਿਲ ਲੋਚੇ ਤਖ਼ਤ ਹਜ਼ਾਰੇ ਨੂੰ
ਲੋਕੀਂ ਸਜਦਾ ਕਾਅਬੇ ਨੂੰ ਕਰਦੇ
ਸਾਡਾ ਸਜਦਾ ਯਾਰ ਪਿਆਰੇ ਨੂੰ
ਦਿਲ ਲੋਚੇ ਤਖ਼ਤ ਹਜ਼ਾਰੇ ਨੂੰ । *10*

(e) ਰਾਂਝੇ ਵਾਂਗ ਫ਼ਰਿਹਾਦ ਦੇ ਆਹ ਮਾਰੀ,
ਜਾਨ ਗਈ ਸੂ ਹੋਇ ਹਵਾ ਮੀਆਂ ।
ਦੋਵੇਂ ਇਸ਼ਕ ਮਜਾਜ਼ੀ ਵਿਚ ਰਹੇ ਕਾਇਮ
ਨਾਲ ਸਿਦਕ ਦੇ ਗਏ ਨਿਭਾ ਮੀਆਂ ।
ਵਾਰਿਸ ਸ਼ਾਹ, ਇਸ ਖ਼ਾਬ ਸਗਇ ਦੀ 'ਤੇ
ਕਈ ਵਾਜੜੇ ਹਾਏ ਵਜਾ ਮੀਆ । *10*

**Q2.** (a) 'ਸੂਫ਼ੀ ਸੰਤਾਂ ਨੇ ਭਾਰਤ ਦਾ ਇਸਲਾਮੀਕਰਣ ਕਰਨ ਦੀ ਬਜਾਇ ਇਸਲਾਮ ਨੂੰ ਭਾਰਤੀ ਰੰਗ ਵਿਚ ਰੰਗ ਦਿਤਾ' ਇਸ ਕਥਨ ਦੀ ਰੌਸ਼ਨੀ ਵਿਚ ਬਾਬਾ ਫ਼ਰੀਦ ਦੇ ਕਲਾਮ ਦਾ ਵਿਸ਼ਲੇਸ਼ਣ ਕਰਕੇ ਸਪਸ਼ਟ ਕਰੋ ਕਿ ਸ਼ੇਖ਼ ਫ਼ਰੀਦ ਨੇ ਸਾਮੀ ਤੇ ਭਾਰਤੀ ਸਭਿਆਚਾਰਾਂ ਨੂੰ ਇਕ ਨਵੀਂ ਜ਼ਮੀਨ ਬਖਸ਼ੀ । 20

(b) 'ਬਾਰਹ ਮਾਹ ਤੁਖਾਰੀ' ਵਿਚ ਗੁਰੂ ਨਾਨਕ ਦੇਵ ਜੀ ਨੇ ਦੁਨਿਆਵੀ ਬਿਰਹਾ ਦੇ ਬਿੰਬ ਦੁਆਰਾ ਆਤਮ ਤੇ ਪ੍ਰਮਾਤਮਾ ਦੇ ਵਿਯੋਗ ਨੂੰ ਪ੍ਰਤੀਕਾਤਮਕ ਰੂਪ ਵਿਚ ਪੇਸ਼ ਕੀਤਾ ਹੈ । ਗੁਰੂ ਨਾਨਕ ਦੇਵ ਜੀ ਰੂਹਾਨੀ ਅਨੁਭਵ ਨੂੰ ਸ਼ਿੰਗਾਰ-ਰਸੀ ਸ਼ੈਲੀ ਵਿਚ ਪ੍ਰਗਟਾਉਣ ਲਈ ਕਿਸ ਹੱਦ ਸਫਲ ਹੋਏ ਹਨ ? 15

(c) 'ਸਾਈ ਬੁੱਲ੍ਹੇ ਸ਼ਾਹ ਦੇ ਕਲਾਮ ਵਿਚ ਸ਼ਰ੍ਹੀਅਤ ਅਤੇ ਧਰਮ ਦੇ ਬਾਹਰੀ ਕਰਮਕਾਂਡ ਦਾ ਨਿਕਾਰਣ ਵਿਦਰੋਹੀ ਸੁਰ ਵਿਚ ਹੋਇਆ ਹੈ । ਉਸਦਾ ਧਾਰਮਿਕ ਰਵਾਦਾਰੀ ਤੇ ਪ੍ਰੇਮਾ-ਭਗਤੀ ਦਾ ਮਾਰਗ ਰੁਹਾਨੀਅਤ ਦਾ ਨਵਾਂ ਆਦਰਸ਼ ਸਿਰਜਦਾ ਹੈ, ਜੋ ਸਮਾਜਕ-ਨਿਆਂ, ਬਰਾਬਰੀ ਤੇ ਇਨਸਾਨ-ਦੋਸਤੀ ਦਾ ਸੁਨੇਹਾ ਦਿੰਦਾ ਹੈ ।' ਇਸ ਕਥਨ ਬਾਰੇ ਚਰਚਾ ਕਰੋ । 15

**Q3.** (a) ਬੁੱਲ੍ਹੇ ਸ਼ਾਹ ਆਪਣੇ ਕਲਾਮ ਵਿਚ ਮੱਧਕਾਲੀਨ ਭਾਰਤੀ ਸਾਮੰਤੀ ਵਿਵਸਥਾ ਦੁਆਰਾ ਸਥਾਪਿਤ ਧਾਰਮਿਕ/ਸੰਪਰਦਾਇਕ, ਨਸਲੀ ਤੇ ਜਾਤ-ਵਰਣ ਉਤੇ ਅਧਾਰਿਤ ਪਛਾਣਾਂ ਨੂੰ ਮੁੱਢੋਂ ਰੱਦ ਕਰਦਾ ਹੈ । ਉਹ ਆਰਥਿਕ ਦਰਜੇਬੰਦੀ ਤੇ ਲਿੰਗ ਵਿਤਕਰੇ ਤੋਂ ਮੁਕਤ ਸਮਤਾਵਾਦੀ ਸਮਾਜ ਦੀ ਕਲਪਣਾ ਕਰਦਾ ਹੈ, ਜਿਸਨੂੰ ਉਹ 'ਪ੍ਰੇਮਨਗਰ' ਕਹਿੰਦਾ ਹੈ । ਬੁੱਲ੍ਹੇ ਸ਼ਾਹ ਦੇ ਪਿਆਰ ਜਾਂ ਇਸ਼ਕ ਦੇ ਸੰਕਲਪ ਨੂੰ ਸਪਸ਼ਟ ਕਰੋ । 20

(b) ਵਾਰਿਸ ਸ਼ਾਹ ਰਚਿਤ 'ਕਿੱਸਾ ਹੀਰ ਰਾਂਝਾ' ਕਲਾਸਿਕ ਸਾਹਿਤ ਦਾ ਦਰਜਾ ਰੱਖਦਾ ਹੈ । ਉਸ ਦੀ ਰਚਨਾ ਵਿਚ ਤੱਤਕਾਲੀਨ ਸਮਾਜ ਦੀਆਂ ਵਿਭਿੰਨ ਪਰਤਾਂ ਦਾ ਯਥਾਰਥਕ ਚਿਤਰ ਹੀ ਪੇਸ਼ ਨਹੀਂ ਹੋਇਆ, ਸਗੋਂ ਉਹ ਮਨੁੱਖ ਦੇ ਅਨਾਦੀ, ਕਦੀਮੀਂ ਤੇ ਸਦਕਾਲੀ ਸਮਜਿਆਂ ਨੂੰ ਵੀ ਮੁਖ਼ਾਤਿਬ ਹੁੰਦਾ ਹੈ । ਕੀ ਤੁਸੀਂ ਇਸ ਕਥਨ ਨਾਲ ਸਹਿਮਤ ਹੋ ? 15

(c) 'ਜਪੁਜੀ ਸਾਹਿਬ' ਵਿਚ ਗੁਰੂ ਨਾਨਕ ਦੇਵ ਜੀ ਆਪਣੇ ਦੌਰ ਦੀਆਂ ਧਰਮਸ਼ਾਸਤਰੀ ਪਰੰਪਰਾਵਾਂ ਤੇ ਪ੍ਰਚਲਿਤ ਭਗਤੀ ਮਾਰਗਾਂ ਨਾਲ ਕਿਸ ਤਰ੍ਹਾਂ ਸੰਵਾਦ ਰਚਾਉਂਦੇ ਹਨ ? 'ਸਚਿਆਰ' ਤੋਂ ਉਨ੍ਹਾਂ ਦੀ ਕੀ ਮੁਰਾਦ ਹੈ ? 15

**Q4.** (a) ਵਾਰਿਸ ਸ਼ਾਹ ਆਪਣੇ ਕਿੱਸੇ 'ਹੀਰ ਰਾਂਝਾ' ਨੂੰ ਸਾਧਾਰਨ ਇਸ਼ਕ ਦੀ ਕਹਾਣੀ ਕਹਿਣ ਦੀ ਥਾਂ 'ਰੂਹ ਕਲਬੂਤ ਦਾ ਜ਼ਿਕਰ' ਕਹਿੰਦਾ ਹੈ । ਆਪਣੇ ਸ਼ਿਅਰਾਂ ਨੂੰ 'ਕੁਰਆਨ ਮਜੀਦ ਦੇ ਮਾਹਿਨੇ' ਕਹਿਕੇ ਉਹ ਆਪਣੀ ਸੂਫ਼ੀ ਵਿਚਾਰਧਾਰਾ ਵੱਲ ਸੰਕੇਤ ਕਰਦਾ ਹੈ । 'ਕਿੱਸਾ ਹੀਰ ਰਾਂਝਾ' ਦੇ ਹਵਾਲੇ ਨਾਲ ਵਾਰਿਸ ਸ਼ਾਹ ਦੀ ਸੂਫ਼ੀ ਵਿਚਾਰਧਾਰਾ ਬਾਰੇ ਚਰਚਾ ਕਰੋ । *20*

(b) ਸ਼ੇਖ਼ ਫ਼ਰੀਦ ਦੀ ਬਾਣੀ ਵਿਚ 'ਮੌਤ' ਅਤੇ ਸੰਸਾਰ ਦੀ ਨਾਸ਼ਮਾਨਤਾ ਦਾ ਜ਼ਿਕਰ ਵਾਰ ਵਾਰ ਆਉਂਦਾ ਹੈ, ਹਿੰਸਾ ਤੇ ਜੁੱਗ-ਗਰਦੀ ਦੇ ਉਸ ਦੌਰ ਵਿਚ ਉਪਗਮਤਾ ਦੀ ਭਾਵਨਾ ਦਾ ਉਪਜਣਾ ਸੁਭਾਵਿਕ ਸੀ । ਪਰ ਸ਼ੇਖ਼ ਫ਼ਰੀਦ ਮੌਤ ਦੇ ਭੈਅ ਨੂੰ ਕੁੱਲੀਨ ਵਰਗ ਤੇ ਸੱਤਾਧਾਰੀਆਂ ਲਈ ਚੇਤਾਵਣੀ ਅਤੇ ਜਨ-ਸਧਾਰਣ ਲਈ ਨੈਤਿਕ ਮੁੱਲ ਵਜੋਂ ਪੇਸ਼ ਕਰਦਾ ਹੈ । ਫ਼ਰੀਦ ਬਾਣੀ'ਚ ਮੌਤ ਤੇ ਨਾਸ਼ਮਾਨਤਾ ਦੀ ਚੇਤਨਾ ਚੰਗੇ ਅਮਲਾਂ ਲਈ ਪ੍ਰੇਰਣਾ ਬਣਦੇ ਹਨ । *15*

(c) 'ਆਸਾ ਦੀ ਵਾਰ' ਦਾ ਮੁਹਾਵਰਾ ਭਾਵੇਂ ਧਾਰਮਿਕ ਹੈ, ਪਰ ਇਸ ਵਿਚੋਂ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੇ ਸਮਾਜ ਦੀ ਪਤਨਸ਼ੀਲ ਸਥਿਤੀ ਦੇ ਦਰਸ਼ਨ ਵੀ ਹੁੰਦੇ ਹਨ ਅਤੇ ਸਮਾਜ ਦੀ ਨਵ-ਸਿਰਜਣਾ ਲਈ ਗੁਰੂ ਸਾਹਿਬ ਦੇ ਸਮਾਜ-ਦਰਸ਼ਨ ਜਾਂ ਸਮਾਜਕ ਫ਼ਿਕਰਮੰਦੀ ਦੀ ਟੋਹ ਵੀ ਮਿਲਦੀ ਹੈ । ਇਸ ਕਥਨ ਬਾਰੇ ਚਰਚਾ ਕਰੋ । *15*

## SECTION B

**Q5. ਹੇਠ ਲਿਖੇ ਪੰਜ ਸਾਹਿਤਕ ਖੰਡਾਂ ਦੀ ਪ੍ਰਸੰਗ ਸਹਿਤ ਆਲੋਚਨਾਤਮਕ ਵਿਆਖਿਆ ਕਰੋ । (ਸ਼ਬਦ ਸੀਮਾ : 150 ਹਰੇਕ ਭਾਗ)** *10×5=50*

(a) ਸਿੰਘਾਂ ਲਿਖਿਆ ਖ਼ਤ ਫ਼ਰੰਗੀਆਂ ਨੂੰ, ਤੈਨੂੰ ਮਾਰਾਂਗੇ ਅਸੀਂ ਵੰਗਾਰ ਕੇ ਜੀ,
ਸਾਨੂੰ ਨਹੀਂ ਰੁਪਈਆਂ ਦੀ ਲੋੜ ਕਾਈ, ਭਾਵੇਂ ਦੇ ਤੂੰ ਢੇਰ ਉਸਾਰ ਕੇ ਜੀ
ਉਹ ਪੰਥ ਤੇਰੇ ਉਤੇ ਆਣ ਚੜ੍ਹਿਆ, ਜਿਹੜਾ ਆਇਆ ਸੀ ਜੰਮੂ ਨੂੰ ਮਾਰ ਕੇ ਜੀ,
ਸ਼ਾਹ ਮੁਹੰਮਦਾ ਸਾਹਮਣੇ ਡਾਹਤੋਪਾਂ, ਸੂਰੇ ਕੱਢ ਮੈਦਾਨ ਨਿਤਾਰ ਕੇ ਜੀ । *10*

(b) ਨਵੀਂ ਕਿਸਮ ਦੀ ਅਮਨ-ਪਸੰਦੀ,
ਜੀਤ ਕਲਮ ਦੀ ਨਾਕਾ-ਬੰਦੀ,
ਆਜ਼ਾਦੀ ਦੇ ਸਿਰ 'ਤੇ ਲਟਕੇ
ਤਾਕਤ ਦੀ ਤਲਵਾਰ
ਸਮੇਂ ਦੀ ਨਵੀਓਂ ਨਵੀਂ ਬਹਾਰ । *10*

(c) ਨੇਕੀ ਤੇ ਬਦੀ ਦੀਆਂ ਦੋਵੇਂ ਸੜਕਾਂ ਇਕ ਦੂਜੀ ਤੋਂ ਵਿਰੁਧ ਜਾਂਦੀਆਂ ਹਨ । ਦੁਹਾਂ ਉਤੇ ਬੇ-ਓੜਕ ਰਾਹੀ ਆਪੋ ਆਪਣੀ ਸੇਧੇ ਤੁਰੇ ਜਾਂਦੇ ਹਨ – ਨੇਕ ਵੀ ਬਦ ਵੀ, ਪਰ ਉਸ ਮਨੁੱਖ ਦੀ ਹਾਲਤ ਕਿਹੋ ਜਿਹੀ ਹੁੰਦੀ ਹੋਵੇਗੀ, ਜਿਸ ਦਾ ਇਕ ਪੈਰ ਨੇਕੀ ਵਲ ਤੇ ਦੂਜਾ ਬਦੀ ਵਲ ਵਧਣ ਲਈ ਜ਼ੋਰ ਲਾ ਰਿਹਾ ਹੋਵੇ । ਕਿਦਾਰ ਇਸ ਵੇਲੇ ਇਸੇ ਹਾਲਤ ਵਿਚ ਸੀ । *10*

(d) ਜਿਸ ਮਨੁੱਖ ਦਾ ਦਿਲ ਰੁੱਖਾ ਹੈ, ਉਹ ਰੱਬ ਤੋਂ ਬਹੁਤ ਦੁਰਾਡਾ ਹੈ, ਭਾਵੇਂ ਉਹ ਸੈਂਕੜੇ ਜਪ ਤੇ ਹਜ਼ਾਰਾਂ ਤਪ ਕਰਦਾ ਹੋਵੇ । ਜਿਸ ਮਨੁੱਖ ਵਿਚ ਸੁੰਦਰਤਾ ਦੀ ਚਾਹ ਨਹੀਂ, ਜਿਸ ਨੇ ਸੁੰਦਰਤਾ ਨੂੰ ਆਪਣੇ ਜੀਵਨ ਵਿਚੋਂ ਏਸ ਤਰ੍ਹਾਂ ਕੱਢ ਦਿੱਤਾ ਹੈ ਕਿ ਕੋਈ ਹੁਸਨ ਵੀ ਉਹਨੂੰ ਹਲੂਣਾ ਨਹੀਂ ਦੇਂਦਾ... ਉਹਦਾ ਰਸਤਾ ਅਜੇ ਹਨੇਰਾ ਹੈ । *10*

(e) ਕਿਉਂ ਦੱਬੇ ਮੁਰਦੇ ਪੱਟੀ ਜਾਨੈ ? ਉਹ ਸਾਰੀਆਂ ਗੱਲਾਂ ਉਦੋਂ ਸਨ ਜਦੋਂ ਮੈਂ ਅਣਜਾਣ ਸਾਂ । ਮੈਨੂੰ ਨਹੀਂ ਪਤਾ ਮੈਂ ਕੀ ਆਖਿਆ ਸੀ ਤੈਨੂੰ । ਬਚਪਨ ਦੀਆਂ ਖੇਡਾਂ ਸਨ । ਰਾਜੇ ਰਾਣੀ ਦੀਆਂ ਕਹਾਣੀਆਂ । ਪਰੀਆਂ ਤੇ ਦੇਓਆਂ ਦੇ ਕਿੱਸੇ । ਝੂਠੇ ਸੁਫ਼ਨੇ ਤੇ ਝੂਠੀਆਂ ਰੀਝਾਂ । ਤੀਵੀਂ ਜਦੋਂ ਅੱਗ ਦੁਆਲੇ ਮਰਦ ਦਾ ਲੜ ਫੜ ਕੇ ਤੁਰਦੀ ਹੈ ਤਾਂ ਇਸ ਅੱਗ ਵਿੱਚ ਪਿਛਲਾ ਸਭ ਕੁਝ ਭਸਮ ਹੋ ਜਾਂਦੈ । ਮਾਂ ਬਾਪ ਪਰਾਏ ਹੋ ਜਾਂਦੇ ਹਨ । ਆਪਣਾ ਵੇਹੜਾ ਬਗਾਨਾ । ਹਰ ਮਰਦ ਓਪਰਾ । ਤੂੰ ਮੇਰੇ ਲਈ ਓਪਰਾ ਮਰਦ ਹੈ । ਖ਼ਬਰਦਾਰ ਜੇ ਅੱਗੇ ਵਧਿਆ ਤਾਂ । *10*

**Q6.** (a) ਬਲਰਾਜ ਸਾਹਨੀ ਰਚਿਤ 'ਮੇਰਾ ਪਾਕਿਸਤਾਨੀ ਸਫ਼ਰਨਾਮਾ' ਵਿਚ ਪਾਕਿਸਤਾਨ ਦੀਆਂ ਰਾਜਸੀ, ਆਰਥਿਕ, ਸਮਾਜਕ ਤੇ ਸਭਿਆਚਾਰਕ ਪ੍ਰਸਥਿਤੀਆਂ ਦਾ ਕਿਹੋ ਜਿਹਾ ਬਿੰਬ ਸਾਹਮਣੇ ਆਉਂਦਾ ਹੈ ? *20*

(b) ਨਾਨਕ ਸਿੰਘ ਆਪਣੇ ਨਾਵਲਾਂ ਵਿੱਚ ਸਮੱਸਿਆਵਾਂ ਦੀ ਚੋਣ ਤਾਂ ਯਥਾਰਥਵਾਦੀ ਨਜ਼ਰੀਏ ਤੋਂ ਕਰਦਾ ਹੈ ਪਰ ਸਮੱਸਿਆਵਾਂ ਦੀ ਪੇਸ਼ਕਾਰੀ ਸਮੇਂ ਆਦਰਸ਼ਵਾਦੀ ਪਹੁੰਚ ਅਪਣਾਉਂਦਾ ਹੈ । ਇਸ ਕਥਨ ਦੀ ਪੁਸ਼ਟੀ ਉਸਦੇ ਨਾਵਲਾਂ 'ਚਿੱਟਾ ਲਹੂ', 'ਪਵਿੱਤਰ ਪਾਪੀ' ਅਤੇ 'ਇੱਕ ਮਿਆਨ ਦੋ ਤਲਵਾਰਾਂ' ਦੇ ਆਧਾਰ 'ਤੇ ਕਰੋ । *15*

(c) 'ਜੰਗ ਸਿੰਘਾਂ ਤੇ ਫ਼ਰੰਗੀਆਂ' ਦੇ ਹਵਾਲੇ ਨਾਲ ਸ਼ਾਹਮੁਹੰਮਦ ਦੀ ਇਤਿਹਾਸ-ਚੇਤਨਾ ਜਾਂ ਉਸ ਦੀ ਇਤਿਹਾਸ ਬਾਰੇ ਦ੍ਰਿਸ਼ਟੀ ਦਾ ਮੁੱਲਾਕਣ ਕਰੋ । ਕੀ ਉਹ ਆਪਣੇ ਦੌਰ ਦੇ ਇਤਿਹਾਸਕ ਵੇਗ ਦੀ ਗਤੀ ਤੇ ਦਿਸ਼ਾ ਨੂੰ ਸਹੀ ਪਰਿਪੇਖ ਵਿਚ ਬਿਆਨ ਕਰ ਸਕਿਆ ਹੈ ? *15*

**Q7.** (a) ਪੰਜਾਬੀ ਸਾਹਿਤ ਆਲੋਚਨਾ ਵਿਚ 'ਸਾਹਿਤਿਆਰਥ' ਦਾ ਪ੍ਰਕਾਸ਼ਨ ਇਕ ਇਤਿਹਾਸਕ ਘਟਨਾ ਹੈ । ਸੰਤ ਸਿੰਘ ਸੇਖੋਂ ਨੇ ਪੰਜਾਬੀ ਸਾਹਿਤ ਆਲੋਚਨਾ ਨੂੰ ਵਿਗਿਆਨਕ ਆਧਾਰ ਅਤੇ ਸਾਹਿਤ ਦੀ ਹੋਂਦ-ਵਿਧੀ ਬਾਰੇ ਸਿਧਾਂਤਕ ਚੇਤਨਾ ਪ੍ਰਦਾਨ ਕੀਤੀ । ਉਸਦੇ ਸਾਹਿਤ-ਚਿੰਤਨ ਦੀਆਂ ਪ੍ਰਾਪਤੀਆਂ ਤੇ ਸੀਮਾਵਾਂ ਨੂੰ 'ਸਾਹਿਤਿਆਰਥ' ਦੇ ਹਵਾਲੇ ਨਾਲ ਸਪਸ਼ਟ ਕਰੋ । *20*

(b) ਬਲਵੰਤ ਗਾਰਗੀ ਦੇ ਨਾਟਕਾਂ ਵਿਚ ਕਾਮ, ਹਿੰਸਾ ਤੇ ਨਾਰੀ ਨਾਲ ਸੰਬੰਧਤ ਪ੍ਰਸ਼ਨਾਂ ਨੂੰ ਬਹੁਤ ਬੇਬਾਕੀ ਨਾਲ ਪੇਸ਼ ਕੀਤਾ ਗਿਆ ਹੈ । 'ਧੂਣੀ ਦੀ ਅੱਗ' ਅਤੇ 'ਲੋਹਾ ਕੁੱਟ' ਨਾਟਕਾਂ ਦੇ ਹਵਾਲੇ ਨਾਲ ਇਸ ਕਥਨ ਬਾਰੇ ਚਰਚਾ ਕਰੋ । *15*

(c) ਨਾਨਕ ਸਿੰਘ ਦੇ ਨਾਵਲ 'ਇਕ ਮਿਆਨ ਦੋ ਤਲਵਾਰਾਂ' ਵਿਚ ਭਾਰਤ ਦੀ ਕੌਮੀ ਮੁਕਤੀ ਲਹਿਰ 'ਚ ਗ਼ਦਰ ਪਾਰਟੀ ਦੀ ਭੂਮਿਕਾ ਨੂੰ ਕਿਸ ਦ੍ਰਿਸ਼ਟੀ ਤੋਂ ਪੇਸ਼ ਕੀਤਾ ਗਿਆ ਹੈ ? ਇਸ ਨਾਵਲ ਦੀ ਇਤਿਹਾਸਕ ਮਹੱਤਤਾ ਨੂੰ ਸਪਸ਼ਟ ਕਰੋ । *15*

**Q8.** (a) ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਸਨਾਤਨੀ ਘੁਟਣ ਵਾਲੇ ਵਰਜਣਾ-ਮੁਖੀ ਸਭਿਆਚਾਰ ਦੇ ਮੁਕਾਬਲੇ ਤੇ ਖੁੱਲ੍ਹੇ ਖੁਲਾਸੇ ਜੀਵਨ, ਪਿਆਰ, ਸੁੰਦਰਤਾ ਅਤੇ ਕਲਾ ਦੀ ਵਕਾਲਤ ਕਰਕੇ ਪੰਜਾਬੀ ਸਮਾਜ ਅੰਦਰ ਨਵੀਂ ਸਭਿਆਚਾਰਕ ਚੇਤਨਾ ਦਾ ਆਗਾਜ਼ ਕੀਤਾ । 'ਨਵਾਂ ਸ਼ਿਵਾਲਾ' ਅਤੇ 'ਜ਼ਿੰਦਗੀ ਦੀ ਰਾਸ' ਪੁਸਤਕਾਂ ਦੇ ਹਵਾਲੇ ਨਾਲ ਇਸ ਕਥਨ ਬਾਰੇ ਚਰਚਾ ਕਰੋ । *20*

(b) ਬਲਵੰਤ ਗਾਰਗੀ ਦੇ ਨਾਟਕ 'ਲੋਹਾ ਕੁੱਟ' ਵਿਚ ਮਨੁੱਖੀ ਅਵਚੇਤਨ ਦੇ ਹਨੇਰੇ ਕੋਨਿਆਂ 'ਚ ਦਫ਼ਨ ਕਾਮ-ਕਾਮਨਾਵਾਂ ਨੂੰ ਪ੍ਰਤੀਕਾਤਮਕ ਰੂਪ ਵਿਚ ਪ੍ਰਗਟਾਵਾ ਮਿਲਿਆ ਹੈ । ਇਸ ਕਥਨ 'ਤੇ ਆਲੋਚਨਾਤਮਕ ਟਿੱਪਣੀ ਲਿਖੋ । 15

(c) ਧਨੀ ਰਾਮ ਚਾਤ੍ਰਿਕ ਸਭਿਆਚਾਰਕ ਸੁਚੇਤਨਾ ਵਾਲਾ ਕਵੀ ਹੈ । ਉਸਦਾ ਪੰਜਾਬੀਅਤ ਦਾ ਸੰਕਲਪ ਧਾਰਮਿਕ/ਸੰਪ੍ਰਦਾਇਕ ਜਾਂ ਨਸਲੀ ਪਛਾਣਾਂ ਦੀ ਥਾਂ ਵਿਸ਼ਾਲ ਮਾਨਵੀ ਸਾਂਝ ਉਤੇ ਅਧਾਰਿਤ ਹੈ । 'ਨਵਾਂ ਜਹਾਨ' ਤੇ 'ਸੂਫ਼ੀਖ਼ਾਨਾ' ਕਾਵਿ-ਸੰਗ੍ਰਹਿ ਦੇ ਹਵਾਲੇ ਨਾਲ ਇਸ ਕਥਨ ਉਪਰ ਚਰਚਾ ਕਰੋ । 15

# ਪੰਜਾਬੀ / PUNJABI

## ਪੇਪਰ II / Paper II

## ( ਸਾਹਿਤ ) / ( LITERATURE )

*ਨਿਰਧਾਰਿਤ ਸਮਾਂ : **ਤਿੰਨ** ਘੰਟੇ*
*Time Allowed : **Three** Hours*

*ਕੁੱਲ ਅੰਕ :* **250**
*Maximum Marks :* **250**

### ਪ੍ਰਸ਼ਨ ਪੱਤਰ ਲਈ ਵਿਸ਼ੇਸ਼ ਹਦਾਇਤਾਂ

***ਕ੍ਰਿਪਾ ਕਰਕੇ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਨਿਮਨ ਲਿਖਿਤ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ :***

*ਪ੍ਰਸ਼ਨ ਪੱਤਰ ਵਿੱਚ ਕੁਲ **ਅੱਠ** ਪ੍ਰਸ਼ਨ ਹਨ ਜੋ **ਦੋ ਭਾਗਾਂ** ਵਿਚ ਵੰਡੇ ਹੋਏ ਹਨ ।*

*ਉਮੀਦਵਾਰ ਨੇ ਕੁਲ **ਪੰਜ** ਪ੍ਰਸ਼ਨ ਕਰਨੇ ਹਨ ।*

*ਪ੍ਰਸ਼ਨ ਨੰਬਰ **1** ਅਤੇ **5** ਲਾਜ਼ਮੀ ਹਨ । ਬਾਕੀ ਪ੍ਰਸ਼ਨਾਂ ਵਿਚੋਂ ਕੋਈ **ਤਿੰਨ** ਪ੍ਰਸ਼ਨ ਕਰੋ ਪਰੰਤੂ ਦੋਵੇਂ ਭਾਗਾਂ ਵਿਚੋਂ ਘੱਟੋ ਘੱਟ **ਇੱਕ-ਇੱਕ** ਪ੍ਰਸ਼ਨ ਜ਼ਰੂਰ ਚੁਣੋ ।*

*ਹਰ ਪ੍ਰਸ਼ਨ / ਭਾਗ ਦੇ ਅੰਕ ਉਸ ਦੇ ਨਾਲ ਹੀ ਦਸੇ ਗਏ ਹਨ ।*

*ਪ੍ਰਸ਼ਨਾਂ ਦੇ ਉੱਤਰ **ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ)** ਵਿਚ ਹੀ ਲਿਖੋ ।*

*ਪ੍ਰਸ਼ਨਾਂ ਦੇ ਉੱਤਰ ਲਈ ਸ਼ਬਦਾਂ ਦੀ ਸੀਮਾਂ ਜਿੱਥੇ ਵੀ ਦਿੱਤੀ ਹੈ, ਉਸ ਦੀ ਜ਼ਰੂਰ ਪਾਲਣਾ ਕਰੋ ।*

*ਪ੍ਰਸ਼ਨਾਂ ਦੇ ਉੱਤਰਾਂ ਦਾ ਮੁਲਾਂਕਣ ਕਰਦੇ ਸਮੇਂ ਉੱਤਰਾਂ ਦੀ ਕ੍ਰਮ ਲੜੀ ਨੂੰ ਸਾਹਮਣੇ ਰੱਖਿਆ ਜਾਵੇਗਾ । ਜਿਸ ਉਤਰ ਨੂੰ ਕਟਿਆ ਨਾ ਗਿਆ ਉਸ ਦਾ ਮੁਲਾਂਕਣ ਕਰ ਲਿਆ ਜਾਵੇਗਾ, ਭਾਵੇਂ ਉਹ ਅਧੂਰਾ ਹੀ ਹੋਇਆ ਹੋਵੇ । ਉੱਤਰ ਪੱਤਰੀ ਦਾ ਕੋਈ ਵੀ ਪੰਨਾ ਜਾਂ ਪੰਨੇ ਦਾ ਖਾਲੀ ਹਿਸਾ ਜੇ ਖਾਲੀ ਹੈ ਤਾਂ ਉਸ ਉਤੇ ਕਾਟਾ ਮਾਰਨਾ ਜ਼ਰੂਰੀ ਹੈ ।*

### Question Paper Specific Instructions

***Please read each of the following instructions carefully before attempting questions :***

*There are **EIGHT** questions divided in **TWO SECTIONS**.*

*Candidate has to attempt **FIVE** questions in all.*

*Question nos. **1** and **5** are compulsory and out of the remaining, any **THREE** are to be attempted choosing at least **ONE** question from each section.*

*The number of marks carried by a question / part is indicated against it.*

*Answers must be written in **PUNJABI (Gurumukhi script)**.*

*Word limit in questions, wherever specified, should be adhered to.*

*Attempts of questions shall be counted in sequential order. Unless struck off, attempt of a question shall be counted even if attempted partly. Any page or portion of the page left blank in the Question-cum-Answer Booklet must be clearly struck off.*

## SECTION A

**Q1.** ਹੇਠ ਲਿਖੇ ਪੰਜਾਂ ਕਾਵਿ-ਟੋਟੀਆਂ ਦੀ ਪ੍ਰਸੰਗ ਸਹਿਤ, ਆਲੋਚਨਾਤਮਕ ਵਿਆਖਿਆ ਕਰੋ ।
**(ਸ਼ਬਦ ਸੀਮਾ : 150 ਹਰੇਕ ਭਾਗ)** *10×5=50*

(a) "ਫਰੀਦਾ ਰੋਟੀ ਮੇਰੀ ਕਾਠ ਕੀ
ਲਾਵਣੁ ਮੇਰੀ ਭੁਖ ।।
ਜਿਨ੍ਹਾਂ ਖਾਧੀ ਚੋਪੜੀ
ਘਣੇ ਸਹਨਿਗੇ ਦੁਖ ।।" *10*

(b) "ਚੁਪੈ ਚੁਪਿ ਨ ਹੋਵਈ ਜੈ ਲਾਇ ਰਹਾ ਲਿਵ ਤਾਰ ।।
ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ।।
ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ।।
ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ।।" *10*

(c) "ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ।।
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ।।
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ।।
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ।।" *10*

(d) "ਬਹੁੜੀਂ ਵੇ ਤਬੀਬਾ ਮੈਂਡੀ ਜਿੰਦ ਗਈਆ
ਤੇਰੇ ਇਸ਼ਕ ਨਚਾਇਆ ਕਰ ਥੱਈਆ ਥੱਈਆ
ਇਸ਼ਕ ਡੇਰਾ ਮੇਰੇ ਅੰਦਰ ਕੀਤਾ,
ਡਰ ਕੇ ਜ਼ਹਿਰ ਪਿਆਲਾ ਮੈਂ ਪੀਤਾ,
ਝਬਦੇ ਆਵੀਂ ਵੇ ਤਬੀਬਾ, ਨਹੀਂ ਤੇ ਮੈਂ ਮਰ ਗਈਆਂ
ਤੇਰੇ ਇਸ਼ਕ ਨਚਾਇਆ ਕਰ ਥੱਈਆ ਥੱਈਆ ।" *10*

(e) "ਕੇਹੀ ਤਖ਼ਤ ਹਜ਼ਾਰੇ ਦੀ ਗੱਲ ਕੀਜੇ,
ਜਿਥੇ ਰਾਂਝਿਆਂ ਰੰਗ ਮਚਾਇਆ ਈ ।
ਛੈਲ ਗੱਭਰੂ ਮਸਤ ਅਲਬੇਲੜੇ ਨੀ,
ਸੁੰਦਰ ਇਕ ਥੀਂ ਇਕ ਸਵਾਇਆ ਈ ।
ਵਾਲੇ ਕੋਕਲੇ ਮੁੰਦਰਾਂ ਮੱਝ ਲੁੰਗੀ,
ਨਵਾਂ ਠਾਠ ਤੇ ਠਾਠ ਚੜ੍ਹਾਇਆ ਈ ।
ਵਾਰਿਸ ਦੀ ਹਜ਼ਾਰੇ ਦੀ ਸਿਫ਼ਤ ਆਖਾਂ,
ਗੋਯਾ ਭਿਸ਼ਤ ਜ਼ਮੀਨ 'ਤੇ ਆਇਆ ਈ ।" *10*

**Q2.** (a) ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ 'ਕਲਾਮ ਸ਼ੇਖ਼ ਫ਼ਰੀਦ' 'ਚੋਂ ਉੱਭਰਣ ਵਾਲ਼ੀ ਸੂਫ਼ੀ-ਸੰਵੇਦਨਾ ਨੂੰ, ਚਰਚਾ ਦਾ ਵਿਸ਼ਾ ਬਣਾਉ । *15*

(b) ਗੁਰੂ ਨਾਨਕ ਦੀ ਬਾਣੀ 'ਬਾਹਰ ਮਾਹ ਤੁਖਾਰੀ' 'ਚੋਂ ਉਭਰਨ ਵਾਲੀ ਗੁਰਮਤਿ-ਅਧਿਆਤਮਕਤਾ ਨੂੰ ਚਰਚਾ ਦਾ ਵਿਸ਼ਾ ਬਣਾਓ । *15*

(c) ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਵਿਚ ਆਇਆ 'ਤ੍ਰਿੰਞਣ' ਦਾ ਪ੍ਰਤੀਕ, ਕਿੰਨ੍ਹਾਂ ਕਿੰਨ੍ਹਾਂ ਗੱਲਾਂ ਦਾ ਸੂਚਕ ਹੈ ? ਉਦਾਹਰਣਾਂ ਸਹਿਤ ਚਰਚਾ ਕਰੋ । *10*

(d) "ਵਾਰਿਸ਼ ਸ਼ਾਹ ਰਚਿਤ ਕਿੱਸ਼ਾ 'ਹੀਰ', ਇਕ ਤਰ੍ਹਾਂ ਨਾਲ਼, ਉਸ ਸਮੇਂ ਦੇ ਪੰਜਾਬ ਦੀ ਸਮਾਜਕ, ਇਤਿਹਾਸਕ ਅਤੇ ਸਭਿਆਚਾਰਕ-ਅਵੱਸਥਾ ਦਾ ਸਮੁੱਚੇ ਰੂਪ ਵਿਚ ਬਿਆਨ ਕਰਦਾ ਹੈ ।" ਕੀ ਤੁਸੀਂ, ਇਸ ਕਥਨ ਨਾਲ਼ ਸਹਿਮਤ ਹੋ ? ਇਸ ਦੇ ਹੱਕ ਜਾਂ ਵਿਰੋਧ ਵਿਚ, ਆਪਣੇ ਵਿਚਾਰ ਪਰਗਟ ਕਰੋ । *10*

**Q3.** (a) "ਮੌਤ, ਬਦਸੂਰਤ ਅਤੇ ਦੁਖਦਾਈ ਵੇਰਵਾ ਹੈ । ਕਲਾਮ ਸ਼ੇਖ਼ ਫ਼ਰੀਦ ਵਿਚ ਉਸ ਨੂੰ, ਵਿਆਹ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ । ਏਦਾਂ, ਦੁਖਦਾਈ ਵਾਸਤਵਿਕਤਾ ਦਾ ਸੁਖਦਾਈ ਅਨੁਭਵ ਕਰਾਇਆ ਗਿਆ ਹੈ ।" ਇਸ ਕਥਨ ਦੀ ਪੁਸ਼ਟੀ ਕਰਦਿਆਂ, ਕਲਾਮ ਸ਼ੇਖ਼ ਫ਼ਰੀਦ ਦੇ ਪ੍ਰਤੀਕ-ਪ੍ਰਬੰਧ ਉਪਰ ਟਿੱਪਣੀ ਕਰੋ । *15*

(b) 'ਆਸਾ ਦੀ ਵਾਰ' ਬਾਣੀ ਵਿਚ ਅੰਕਿਤ, ਸਲੋਕਾਂ ਤੇ ਪਉੜੀਆਂ ਦੇ, ਆਪਸੀ ਸੰਬੰਧਾਂ ਉਪਰ ਨਿੱਠ ਕੇ ਚਰਚਾ ਕਰੋ । *15*

(c) ਸੂਫ਼ੀ ਮੱਤ ਵਿਚ ਬਿਆਨ ਕੀਤੀਆਂ ਗਈਆਂ ਅਧਿਆਤਮਿਕ ਮੰਜ਼ਿਲਾਂ ਬਾਰੇ, ਬੁੱਲ੍ਹੇ ਸ਼ਾਹ ਦਾ ਨਜ਼ਰੀਆ ਕੀ ਹੈ ? 'ਕਾਫ਼ੀਆ ਬੁੱਲ੍ਹੇ ਸ਼ਾਹ' ਦੇ ਆਧਾਰ 'ਤੇ, ਸਪੱਸ਼ਟ ਕਰੋ । *10*

(d) ਵਾਰਿਸ ਸ਼ਾਹ ਦੁਆਰਾ ਰਚਿਤ ਕਿੱਸ਼ਾ 'ਹੀਰ' 'ਚੋਂ ਉੱਭਰਨ ਵਾਲ਼ੇ, 'ਇਸ਼ਕ' ਦੇ ਸੰਕਲਪ ਨੂੰ ਚਰਚਾ ਦਾ ਵਿਸ਼ਾ ਬਣਾਉ । *10*

**Q4.** (a) ਸ਼ੇਖ ਫਰੀਦ ਦੀ ਬਾਣੀ ਦੇ ਮੂਲ ਸੰਕਲਪਾਂ ਵਿਚੋਂ, ਨੈਤਿਕਤਾ ਅਤੇ ਸਹਿਨਸ਼ੀਲਤਾ ਦੇ ਸੰਕਲਪਾਂ ਦੀ ਵਿਆਖਿਆ ਕਰੋ । *15*

(b) 'ਆਸਾ ਦੀ ਵਾਰ' ਬਾਣੀ ਨੂੰ, 'ਗੁਰਮਤਿ ਦਾ ਬਾਲ-ਬੋਧ' ਕਿਉਂ ਕਿਹਾ ਜਾਂਦਾ ਹੈ ? ਉਦਾਹਰਣਾਂ ਸਹਿਤ ਚਰਚਾ ਕਰੋ । *15*

(c) ਸਾਈਂ ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ 'ਚੋਂ ਉੱਭਰਨ ਵਾਲ਼ੇ 'ਸਾਂਸਕ੍ਰਿਤਕ-ਸਮਨਵੈ' ਦੀ ਭਾਵਨਾ ਨਾਲ਼ ਓਤਪ੍ਰੋਤ, 'ਅਦਵੈਤੀ-ਨਜ਼ਰੀਏ' ਨੂੰ ਚਰਚਾ ਦਾ ਵਿਸ਼ਾ ਬਣਾਉ । *10*

(d) "ਕਿੱਸ਼ਾ 'ਹੀਰ' ਵਿਚ ਵਾਰਿਸ ਸ਼ਾਹ ਦੀ ਵਡਿਆਈ, ਇਸ ਗੱਲ ਵਿਚ ਹੈ ਕਿ ਉਸ ਨੇ, ਹੀਰ-ਰਾਂਝੇ ਦੀ ਪ੍ਰੇਮ-ਕਹਾਣੀ ਵਿਚ, ਪ੍ਰੇਮ ਉਪਰ ਆਧਾਰਤ ਸੁਤੰਤਰ ਵਿਆਹ ਦਾ ਪੱਖ ਪੂਰਿਆ ਹੈ ।" ਇਸ ਕਥਨ ਵਿਚ, ਕਿੰਨੀ ਕੁ ਸਚਾਈ ਹੈ ? ਚਰਚਾ ਕਰੋ । *10*

**SECTION B**

Q5. ਹੇਠ ਲਿਖੇ ਪੰਜਾਂ ਸਾਹਿਤਕ-ਖੰਡਾਂ ਦੀ ਪ੍ਰਸੰਗ ਸਹਿਤ, ਆਲੋਚਨਾਤਮਕ ਵਿਆਖਿਆ ਕਰੋ ।
(ਸ਼ਬਦ ਸੀਮਾ : 150 ਹਰੇਕ ਭਾਗ) *10×5=50*

(a) "ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,
ਸਿਰਾਂ ਦੋਹਾਂ ਦੇ ਉੱਤੇ ਆਫ਼ਾਤ ਆਈ ।
ਸ਼ਾਹ ਮੁਹੰਮਦ ਵਿਚ ਪੰਜਾਬ ਦੇ ਜੀ,
ਕਦੇ ਨਹੀਂ ਸੀ ਤੀਸਰੀ ਜਾਤ ਆਈ ।" *10*

(b) "ਤੂੜੀ ਤੰਦ ਸਾਂਭ ਹਾੜ੍ਹੀ ਵੇਚ ਵੱਟ ਕੇ,
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ,
ਮੀਂਹ ਦੀ ਉਡੀਕ ਤੇ ਸਿਆੜ ਕੱਢ ਕੇ,
ਮਾਲ ਟਾਂਡਾ ਸਾਂਭਣੇ ਨੂੰ ਚੂੜ੍ਹਾ ਛੱਡ ਕੇ,
ਪੱਗ ਝੱਗਾ ਚਾਦਰਾ ਨਵਾਂ ਸਵਾਇਕੇ,
ਸੁੰਮਾਂ ਵਾਲ਼ੀ ਡਾਂਗ ਉੱਤੇ ਤੇਲ ਲਾਇਕੇ,
ਕਛੇ ਮਾਰ ਵੰਝਲੀ ਅਨੰਦ ਛਾ ਗਿਆ ।
ਮਾਰ ਦਾ ਦਮਾਮੇ ਜੱਟ ਮੇਲੇ ਆ ਗਿਆ ।" *10*

(c) "ਅਜੀਤ : ਮੈਂ ਦੋ ਔਰਤਾਂ ਦੀ ਵਫ਼ਾਦਾਰੀ ਦਾ ਸ਼ਿਕਾਰ ਹਾਂ । ਇਹਨਾਂ ਵਿਚੋਂ, ਜੇ ਇਕ ਵੀ ਬੇਵਫ਼ਾ ਹੁੰਦੀ, ਤਾਂ ਮੈਂ ਸੁੱਖੀ ਹੁੰਦਾ । ਕੀ ਕੋਈ ਮਰਦ, ਇਕੋ ਵੇਲ਼ੇ ਦੋ ਔਰਤਾਂ ਨਾਲ਼ ਰਹਿ ਸਕਦਾ ਹੈ ?" *10*

(d) "ਕਵਿਤਾ ਦਾ ਉਹ ਵਿਸ਼ੇਸ਼ ਲੱਛਣ, ਜੋ ਇਸ ਨੂੰ ਗੁਣ ਦੇ ਪੱਖ ਤੋਂ, ਗੱਦ ਨਾਲ਼ੋਂ ਵੱਖਰੀ ਕਰਦਾ ਹੈ, ਇਸ ਨੂੰ ਗੱਦ ਨਾਲ਼ੋਂ ਵਿਸ਼ੇਸ਼ਤਾ ਦੇਂਦਾ ਹੈ, ਅਲੰਕਾਰ ਹੈ । ਠੀਕ ਉਸੇ ਤਰ੍ਹਾਂ, ਨਾਰੀ ਲਈ ਨਰ ਨਾਲ਼ੋਂ, ਵਿਸ਼ੇਸ਼ ਅਧਿਕ ਰੂਪ ਵਿਚ, ਗਹਿਣੇ ਤੇ ਸ਼ਿੰਗਾਰ ਦੀ ਲੋੜ ਹੈ, ਕਵਿਤਾ ਨੂੰ ਅਲੰਕਾਰ ਦੀ ਲੋੜ ਹੈ । ਜਿਵੇਂ ਗਹਿਣਾ-ਸ਼ਿੰਗਾਰ ਨਾਰੀ ਦੇ ਨਾਰੀਤਵ ਨੂੰ ਸਜਾਂਦਾ ਹੈ, ਇਸੇ ਤਰ੍ਹਾਂ ਅਲੰਕਾਰ, ਕਾਵਿ ਦੀ ਕਾਵਿਮਇਤਾ ਨੂੰ ਚਮਕਾਂਦਾ ਹੈ ।" *10*

(e) "ਔਹ ਸਿੱਖ ਨੈਸ਼ਨਲ ਕਾਲਜ ਦੀ ਇਮਾਰਤ ਸੀ । ਆਹੋ ਠੀਕ, ਮੁਗ਼ਲਪੁਰੇ ਦਾ ਇੰਜੀਨੀਅਰਿੰਗ ਕਾਲਜ, ਹੁਣ ਇਹਨੂੰ ਯੂਨੀਵਰਸਿਟੀ ਦਾ ਦਰਜਾ ਮਿਲ ਗਿਆ ਹੈ । ਏਥੋਂ ਹੀ ਨੇੜੇ ਪੀਰ ਮੀਆਂ ਮੀਰ ਦਾ ਮਜ਼ਾਰ ਹੈ, ਜਿਸ ਨੇ, ਅੰਮ੍ਰਿਤਸਰ ਵਿਚ ਸਿੱਖਾਂ ਦੇ ਸੁਨਹਿਰੀ ਹਰਿਮੰਦਰ ਦਾ ਨੀਂਹ ਪੱਥਰ ਰਖਿਆ ਸੀ । ਦਾਰਾਸ਼ਕੋਹ ਦਾ, ਉਹ ਗੁਰੂ ਸੀ । ਦਾਰਾਸ਼ਕੋਹ, ਜਿਨ੍ਹੇ ਉਪਨਿਸ਼ਦਾਂ ਦੇ ਤਰਜਮੇ, ਫ਼ਾਰਸੀ ਵਿਚ ਕਰਾਏ ਸਨ । ਪਰ, ਹੁਣ ਅਜੇਹੀਆਂ ਇਤਿਹਾਸਕ ਘਟਨਾਵਾਂ ਦਾ ਕੋਈ ਮਤਲਬ ਨਹੀਂ ਨਿਕਲਦਾ ।" *10*

**Q6.** (a) "ਸ਼ਾਹ ਮੁਹੰਮਦ ਦੁਆਰਾ ਰਚਿਤ *'ਜੰਗਨਾਮਾ : ਸਿੰਘਾ ਤੇ ਫਰੰਗੀਆਂ'*, ਪੰਜਾਬੀ ਕੌਮ ਦੀ ਢਹਿੰਦੀ ਕਲਾ ਦੀ ਵਾਸਤਵਿਕ ਤਸਵੀਰ ਪੇਸ਼ ਕਰਨ ਵਾਲ਼ੀ ਰਚਨਾ ਹੈ ।" ਇਸ ਕਥਨ ਨਾਲ਼, ਤੁਸੀਂ ਕਿੰਨੇ ਕੁ ਸਹਿਮਤ ਹੋ ? ਚਰਚਾ ਕਰੋ । *15*

(b) "ਸੰਤ ਸਿੰਘ ਸੇਖੋਂ ਦੀ ਸਮੀਖਿਆ-ਪੁਸਤਕ 'ਸਾਹਿਤਿਆਰਥ' ਨਾਲ਼, ਆਧੁਨਿਕ ਪੰਜਾਬੀ ਸਾਹਿਤ-ਆਲੋਚਨਾ ਦਾ ਆਰੰਭ ਹੁੰਦਾ ਹੈ ।" ਇਸ ਕਥਨ ਦੇ ਨਾਲ਼ ਤੁਸੀਂ ਕਿੰਨੇ ਕੁ ਸਹਿਮਤ ਹੋ ? 'ਸਾਹਿਤਿਆਰਥ' 'ਚੋਂ ਉਪਜਣ ਵਾਲ਼ੀ ਸਮੀਖਿਆ-ਦ੍ਰਿਸ਼ਟੀ ਉਪਰ ਚਰਚਾ ਕਰੋ । *15*

(c) ਯਾਦਾਂ ਸਾਹਿਤ ਰੂਪਾਕਾਰ ਦੀਆਂ ਬਾਰੀਕੀਆਂ ਬਿਆਨ ਕਰਦੇ ਹੋਇਆ, ਗੁਰਬਖ਼ਸ਼ ਸਿੰਘ ਦੀ ਪੁਸਤਕ *'ਮੇਰੀਆਂ ਅਭੁੱਲ ਯਾਦਾਂ'* ਨੂੰ ਚਰਚਾ ਦਾ ਵਿਸ਼ਾ ਬਣਾਉ । *10*

(d) ਨਾਨਕ ਸਿੰਘ ਦੁਆਰਾ ਰਚਿਤ *'ਇੱਕ ਮਿਆਨ ਦੋ ਤਲਵਾਰਾਂ'* ਨੂੰ ਇਕ ਇਤਿਹਾਸਕ-ਨਾਵਲ ਦੇ ਰੂਪ ਵਿਚ ਚਰਚਾ ਦਾ ਵਿਸ਼ਾ ਬਣਾਉ । *10*

**Q7.** (a) ਸ਼ਾਹ ਮੁਹੰਮਦ ਦੁਆਰਾ ਰਚਿਤ *'ਜੰਗਨਾਮਾ : ਸਿੰਘਾਂ ਤੇ ਫ਼ਰੰਗੀਆਂ'* ਵਿੱਚ ਇਤਿਹਾਸ ਦਾ ਕਲਾਤਮਕ-ਰੂਪਾਂਤਰਣ ਕਿਵੇਂ ਹੋਇਆ ਹੈ ? ਚਰਚਾ ਕਰੋ । *15*

(b) ਗੁਰਬਖ਼ਸ਼ ਸਿੰਘ ਦੁਆਰਾ ਰਚਿਤ ਨਿਬੰਧ-ਸੰਗ੍ਰਹਿ *'ਜ਼ਿੰਦਗੀ ਦੀ ਰਾਸ'* 'ਚੋਂ, ਕਿਹੋ ਜਿਹਾ ਨਜ਼ਰੀਆ ਉੱਭਰ ਕੇ ਸਾਮ੍ਹਣੇ ਆਉਂਦਾ ਹੈ ? ਉਦਾਹਰਣਾਂ ਸਹਿਤ ਸਪੱਸ਼ਟ ਕਰੋ । *15*

(c) "ਨਾਨਕ ਸਿੰਘ ਵਿਅਕਤੀਗਤ ਆਦਰਸ਼ਵਾਦ ਦੀ ਜੁਗਤ ਰਾਹੀਂ ਕਾਇਆਂ ਕਲਪ ਦੀ ਵਿਧੀ ਵਰਤ ਕੇ ਸਮਕਾਲੀ ਸਮਾਜਕ-ਯਥਾਰਥ ਦੀ ਵਿਕਰਾਲਤਾ ਤੋਂ ਪਾਰ ਜਾਣ ਦੀ ਕੋਸ਼ਿਸ਼ ਕਰਦਾ ਹੈ ।" ਨਾਨਕ ਸਿੰਘ ਦੇ ਨਾਵਲਾਂ ਨੂੰ ਆਧਾਰ ਬਣਾ ਕੇ ਇਸ ਵਿਕਾਰ ਦੀ ਪੁਸ਼ਟੀ ਕਰੋ । *10*

(d) "ਬਲਵੰਤ ਗਾਰਗੀ ਦੀ ਇਤਿਹਾਸਕ-ਤ੍ਰਾਸਦੀ *'ਸੁਲਤਾਨ ਰਜ਼ੀਆ'* ਦੇ ਪਾਤਰ, ਯਾਕੂਤ ਅਤੇ ਸੁਲਤਾਨ ਰਜ਼ੀਆਂ, ਸਫ਼ਲ ਤ੍ਰਾਸਦ-ਨਾਇਕ ਤੇ ਨਾਇਕਾ ਹਨ ।" ਕੀ ਤੁਸੀਂ ਇਸ ਵਿਚਾਰ ਨਾਲ਼ ਸਹਿਮਤ ਹੋ ? ਚਰਚਾ ਕਰੋ । *10*

**Q8.** (a) "ਗੁਰਬਖ਼ਸ਼ ਸਿੰਘ ਦੀ ਵੱਡੀ ਦੇਣ, ਉਸ ਦੀ ਸ਼ੈਲੀ ਪੱਖੋਂ ਹੈ । ਉਸ ਦੀਆਂ ਸਾਰੀਆਂ ਲਿਖਤਾਂ ਵਿਚ ਸਪੱਸ਼ਟਤਾ, ਰੌਚਕਤਾ, ਸਰਲਤਾ, ਕੌਸ਼ਲਤਾ, ਨਵੀਨਤਾ ਤੇ ਢੁੱਕਵਾਂਪਨ ਹੈ । ਉਸ ਦੇ ਵਿਚਾਰ, ਇਕ ਲੜੀ ਵਿਚ ਬੰਨ੍ਹੇ ਹੋਏ ਅਤੇ ਵਿਸ਼ੇ ਦੇ ਅਨੁਕੂਲ ਹੁੰਦੇ ਹਨ ।" ਇਸ ਕਥਨ ਦੀ ਰੌਸ਼ਨੀ ਵਿਚ ਗੁਰਬਖ਼ਸ਼ ਸਿੰਘ ਦੇ ਨਿਬੰਧ ਸੰਗ੍ਰਿਹਾਂ *'ਜ਼ਿੰਦਗੀ ਦੀ ਰਾਸ'* ਤੇ *'ਨਵਾਂ ਸ਼ਿਵਾਲਾ'* ਨੂੰ ਚਰਚਾ ਦਾ ਵਿਸ਼ਾ ਬਣਾਉ । *15*

(b) "ਨਾਨਕ ਸਿੰਘ ਦੇ ਪ੍ਰਵੇਸ਼ ਕਾਲ਼, ਪੰਜਾਬੀ-ਨਾਵਲ ਦਾ ਨਵਾਂ ਦੌਰ ਸ਼ੁਰੂ ਹੁੰਦਾ ਹੈ । ਪੰਜਾਬੀ-ਨਾਵਲ ਦੇ ਖ਼ੇਤਰ ਵਿਚ ਨਵੀਆਂ ਸੰਭਾਵਨਾਵਾਂ ਜਨਮ ਲੈਂਦੀਆਂ ਹਨ ।" *'ਚਿੱਟਾ ਲਹੂ'*, *'ਪਵਿੱਤਰ ਪਾਪੀ'* ਤੇ *'ਇਕ ਮਿਆਨ ਦੋ ਤਲਵਾਰਾਂ'* ਨਾਵਲਾਂ ਦੇ ਆਧਾਰ 'ਤੇ, ਇਸ ਕਥਨ ਦੀ ਪੁਸ਼ਟੀ ਕਰੋ । *15*

(c) "ਬਲਰਾਜ ਸਾਹਨੀ ਨੇ *'ਮੇਰਾ ਰੂਸੀ ਸਫ਼ਰਨਾਮਾ'* ਅਤੇ *'ਮੇਰਾ ਪਾਕਿਸਤਾਨੀ ਸਫ਼ਰਨਾਮਾ'* ਲਿਖੇ ਹਨ । ਜੋ ਉਸ ਦੀ ਡੂੰਘੀ ਯਥਾਰਥਵਾਦੀ ਸੂਝ; ਵਿਸ਼ਾਲ ਸਾਂਸਕ੍ਰਿਤਕ ਗਿਆਨ, ਬੌਧਿਕ ਪ੍ਰਪੱਕਤਾ; ਨੀਝ ਪੂਰਵਕ ਦ੍ਰਿਸ਼ਟੀ; ਜ਼ਿੰਦਗੀ ਨੂੰ ਵੇਖਣ, ਸਮਝਣ, ਪੜਤਾਲਣ ਤੇ ਮਾਣਨ ਦੀ ਰੀਝ ਅਤੇ ਕਲਾਮਈ-ਪ੍ਰਤਿਭਾ ਦਾ ਪ੍ਰਮਾਣ ਹਨ ।" ਬਲਰਾਜ ਸਾਹਨੀ ਦੇ ਦੋਹਾਂ ਸਫ਼ਰਨਾਮਿਆਂ ਦੇ ਆਧਾਰ 'ਤੇ, ਇਸ ਕਥਨ ਦੀ ਪੁਸ਼ਟੀ ਕਰੋ । *10*

(d) "ਧਨੀ ਰਾਮ ਚਾਤ੍ਰਿਕ ਦੀ ਕਾਵਿ-ਸ਼ੈਲੀ ਅਤੇ ਵਿਚਾਰਧਾਰਾ, ਸਮੇਂ ਦੇ ਪ੍ਰਭਾਵਾਂ ਨਾਲ਼ ਵਿਕਾਸ ਕਰਦੀ ਨਜ਼ਰ ਆਉਂਦੀ ਹੈ ।" *'ਚੰਦਨਵਾੜੀ'*, *'ਨਵਾਂ ਜਹਾਨ'* ਤੇ *'ਸੂਫ਼ੀਖ਼ਾਨਾ'* ਕਾਵਿ-ਸੰਗ੍ਰਹਿਆਂ ਦੇ ਆਧਾਰ 'ਤੇ, ਇਸ ਕਥਨ ਦੀ ਪੁਸ਼ਟੀ ਕਰੋ । *10*

CIVIL SERVICES (MAIN) EXAM-2022

**CRNA-S-PNJB**

# ਪੰਜਾਬੀ / PUNJABI

## ਪੇਪਰ II / Paper II

## ( ਸਾਹਿਤ ) / ( LITERATURE )

| | |
|---|---|
| *ਨਿਰਧਾਰਿਤ ਸਮਾਂ : **ਤਿੰਨ ਘੰਟੇ*** | *ਕੁੱਲ ਅੰਕ : **250*** |
| *Time Allowed : **Three** Hours* | *Maximum Marks : **250*** |

### ਪ੍ਰਸ਼ਨ ਪੱਤਰ ਲਈ ਵਿਸ਼ੇਸ਼ ਹਦਾਇਤਾਂ

***ਕ੍ਰਿਪਾ ਕਰਕੇ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਨਿਮਨ ਲਿਖਿਤ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ :***

*ਪ੍ਰਸ਼ਨ ਪੱਤਰ ਵਿੱਚ ਕੁਲ **ਅੱਠ** ਪ੍ਰਸ਼ਨ ਹਨ ਜੋ **ਦੋ ਭਾਗਾਂ** ਵਿਚ ਵੰਡੇ ਹੋਏ ਹਨ ।*

*ਉਮੀਦਵਾਰ ਨੇ ਕੁਲ **ਪੰਜ** ਪ੍ਰਸ਼ਨ ਕਰਨੇ ਹਨ ।*

*ਪ੍ਰਸ਼ਨ ਨੰਬਰ **1** ਅਤੇ **5** ਲਾਜ਼ਮੀ ਹਨ । ਬਾਕੀ ਪ੍ਰਸ਼ਨਾਂ ਵਿਚੋਂ ਕੋਈ **ਤਿੰਨ** ਪ੍ਰਸ਼ਨ ਕਰੋ ਪਰੰਤੂ ਦੋਵੇਂ ਭਾਗਾਂ ਵਿਚੋਂ ਘੱਟੋ ਘੱਟ **ਇੱਕ-ਇੱਕ** ਪ੍ਰਸ਼ਨ ਜ਼ਰੂਰ ਚੁਣੋ ।*

*ਹਰ ਪ੍ਰਸ਼ਨ / ਭਾਗ ਦੇ ਅੰਕ ਉਸ ਦੇ ਨਾਲ ਹੀ ਦਸੇ ਗਏ ਹਨ ।*

*ਪ੍ਰਸ਼ਨਾਂ ਦੇ ਉੱਤਰ **ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ)** ਵਿਚ ਹੀ ਲਿਖੋ ।*

*ਪ੍ਰਸ਼ਨਾਂ ਦੇ ਉੱਤਰ ਲਈ ਸ਼ਬਦਾਂ ਦੀ ਸੀਮਾਂ ਜਿੱਥੇ ਵੀ ਦਿੱਤੀ ਹੈ, ਉਸ ਦੀ ਜ਼ਰੂਰ ਪਾਲਣਾ ਕਰੋ ।*

*ਪ੍ਰਸ਼ਨਾਂ ਦੇ ਉੱਤਰਾਂ ਦਾ ਮੁਲਾਂਕਣ ਕਰਦੇ ਸਮੇਂ ਉੱਤਰਾਂ ਦੀ ਕ੍ਰਮ ਲੜੀ ਨੂੰ ਸਾਹਮਣੇ ਰੱਖਿਆ ਜਾਵੇਗਾ । ਜਿਸ ਉਤਰ ਨੂੰ ਕਟਿਆ ਨਾ ਗਿਆ ਉਸ ਦਾ ਮੁਲਾਂਕਣ ਕਰ ਲਿਆ ਜਾਵੇਗਾ, ਭਾਵੇਂ ਉਹ ਅਧੂਰਾ ਹੀ ਹੋਇਆ ਹੋਵੇ । ਉੱਤਰ ਪੱਤਰੀ ਦਾ ਕੋਈ ਵੀ ਪੰਨਾ ਜਾਂ ਪੰਨੇ ਦਾ ਖਾਲੀ ਹਿਸਾ ਜੇ ਖਾਲੀ ਹੈ ਤਾਂ ਉਸ ਉਤੇ ਕਾਟਾ ਮਾਰਨਾ ਜ਼ਰੂਰੀ ਹੈ ।*

### Question Paper Specific Instructions

***Please read each of the following instructions carefully before attempting questions :***

*There are **EIGHT** questions divided in **TWO SECTIONS**.*

*Candidate has to attempt **FIVE** questions in all.*

*Question nos. **1** and **5** are compulsory and out of the remaining, any **THREE** are to be attempted choosing at least **ONE** question from each section.*

*The number of marks carried by a question / part is indicated against it.*

*Answers must be written in **PUNJABI (Gurumukhi script)**.*

*Word limit in questions, wherever specified, should be adhered to.*

*Attempts of questions shall be counted in sequential order. Unless struck off, attempt of a question shall be counted even if attempted partly. Any page or portion of the page left blank in the Question-cum-Answer Booklet must be clearly struck off.*

## SECTION A

**Q1.** ਹੇਠ ਲਿਖੇ ਪੰਜਾਂ ਕਾਵਿ-ਟੋਟੀਆਂ ਦੀ ਪ੍ਰਸੰਗ ਸਾਹਿਤ ਆਲੋਚਨਾਤਮਕ ਵਿਆਖਿਆ ਕਰੋ । **(ਸ਼ਬਦ ਸੀਮਾ : 150 ਹਰੇਕ ਭਾਗ)** *10×5=50*

(a) ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ॥
ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ ॥
ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ ॥ਰਹਾਉ॥
ਇਕ ਆਪੀਨੈ ਪਤਲੀ ਸਹ ਕੇਰੇ ਬੋਲਾ ਦੁਧਾ ਥਣੀ ਨ ਆਵਈ ਫਿਰਿ ਹੋਇ ਨ ਮੇਲਾ ॥
ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ ॥ ਹੰਸ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ ॥ *10*

(b) ਭਰੀਐ ਹਥੁ ਪੈਰੁ ਤਨੁ ਦੇਹ ॥ ਪਾਣੀ ਧੋਤੈ ਉਤਰਸੁ ਖੇਹ ॥
ਮੂਤ ਪਲੀਤੀ ਕਪੜੁ ਹੋਇ ॥ ਦੇ ਸਾਬੂਣੁ ਲਈਐ ਓਹੁ ਧੋਇ ॥
ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥
ਪੁੰਨੀ ਪਾਪੀ ਆਖਣੁ ਨਾਹਿ ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥
ਆਪੇ ਬੀਜਿ ਆਪੇ ਹੀ ਖਾਹੁ ॥ ਨਾਨਕ ਹੁਕਮੀ ਆਵਹੁ ਜਾਹੁ ॥ *10*

(c) ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥
ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ
ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ *10*

(d) ਆਓ ਸਈਓ ਰਲ ਦਿਉ ਨੀ ਵਧਾਈ ।
ਮੈ ਬਰ ਪਾਇਆ ਰਾਂਝਾ ਮਾਹੀ ।
ਅੱਜ ਤਾਂ ਰੋਜ਼ ਮੁਬਾਰਕ ਚੜ੍ਹਿਆ, ਰਾਂਝਾ ਸਾਡੇ ਵਿਹੜੇ ਵੜਿਆ,
ਹੱਥ ਖੂੰਡੀ ਮੋਢੇ ਕੰਬਲ ਧਰਿਆ, ਚਾਕਾਂ ਵਾਲੀ ਸ਼ਕਲ ਬਣਾਈ,
ਆਓ ਸਈਓ ਰਲ ਦਿਉ ਨੀ ਵਧਾਈ । *10*

(e) ਮੈਨੂੰ, ਬਾਬਲ ਦੀ ਸਹੁੰ ਹੈ ਰਾਂਝਣਾ ਵੇ, ਮਰੇ ਮਾਉ ਜੋ ਤੁੱਧ ਥੀਂ ਮੁੱਖ ਮੋੜਾਂ ।
ਤੇਰੇ ਬਾਝ ਤਾਂ ਤਾਮ ਹਰਾਮ ਮੈਨੂੰ, ਤੁੱਧ ਬਾਝ ਨ ਨੈਣ ਨਾਲ ਨੈਣ ਜੋੜਾਂ ।
ਖ਼ਾਜਾ ਖ਼ਿਜਰ ਤੇ ਬੈਠ ਕੇ ਕਸਮ ਖਾਧੀ, ਥੀਵਾਂ ਸੂਰ ਜੋ ਪ੍ਰੀਤ ਦੀ ਰੀਤ ਤੋੜਾਂ ।
ਕੋੜ੍ਹੀ ਹੋਇ ਕੇ ਨੈਣ ਪਰਾਣ ਜਾਵਣ, ਤੇਰੇ ਬਾਝ ਜੇ ਮੁਣਸ ਮੈਂ ਹੋਰ ਜੋੜਾਂ । *10*

**Q2.** (a) ''ਸ਼ੇਖ ਫ਼ਰੀਦ ਨੇ ਆਪਣੀ ਬਾਣੀ ਵਿਚ ਮਾਨਣੀ ਅਸਤਿਤੱਵ ਦੁਆਲੇ ਕੇਂਦਰਿਤ ਸਥਾਨਕ ਪ੍ਰਤੀਕਾਂ ਦੁਆਰਾ ਸੂਫ਼ੀ-ਇਸਲਾਮੀ ਅਧਿਆਤਮਿਕਤਾ ਦਾ ਸੰਚਾਰ ਕੀਤਾ ਹੈ ।'' ਇਸ ਕਥਨ ਬਾਰੇ ਟਿੱਪਣੀ ਕਰੋ । 20

(b) ''ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਜਪੁਜੀ' ਦੇ 'ਪੰਜ ਖੰਡਾਂ' ਰਾਹੀਂ ਨਿਰੰਕਾਰ ਦੀ ਅਨੁਭੂਤੀ ਲਈ ਗਿਆਨ ਤੇ ਕਰਮ ਆਧਾਰਿਤ ਸਾਧਨਾ-ਮਾਰਗ ਪ੍ਰਦਰਸ਼ਿਤ ਕੀਤਾ ਹੈ ।'' ਚਰਚਾ ਕਰੋ । 15

(c) ''ਬੁੱਲ੍ਹੇ ਸ਼ਾਹ ਦੀਆਂ 'ਕਾਫ਼ੀਆਂ' ਵਿਚ 'ਇਸ਼ਕ ਮਿਜ਼ਾਜ਼ੀ' ਅਤੇ 'ਇਸ਼ਕ ਹਕੀਕੀ', ਦੋਹਾਂ ਦੀ, ਅਭਿਵਿਅਕਤੀ ਕੀਤੀ ਗਈ ਹੈ । ਉਸਨੇ 'ਇਸ਼ਕ ਹਕੀਕੀ' ਦੀ ਮੰਜ਼ਲ 'ਤੇ ਪਹੁੰਚਣ ਲਈ 'ਇਸ਼ਕ ਮਿਜ਼ਾਜ਼ੀ' ਦੇ ਰਾਹ ਨੂੰ ਅਪਨਾਉਣ ਦੀ ਵਕਾਲਤ ਕੀਤੀ ਹੈ ।'' ਇਸ ਕਥਨ ਬਾਰੇ ਆਪਣੇ ਵਿਚਾਰ ਦਿਓ । 15

**Q3.** (a) ''ਵਾਰਿਸ ਸ਼ਾਹ ਨੇ 'ਹੀਰ-ਰਾਂਝੇ' ਦੀ ਪ੍ਰੀਤ-ਕਥਾ ਨੂੰ ਕੇਂਦਰ ਵਿਚ ਰੱਖਕੇ ਭੂਪਵਾਦੀ ਮੁੱਲ-ਵਿਧਾਨ ਵਾਲੇ ਤੱਤਕਾਲੀਨ ਸਮਾਜ ਦੀ ਮੁਕੰਮਲ ਤਸਵੀਰ ਪ੍ਰਸਤੁਤ ਕੀਤੀ ਹੈ ।'' ਇਸ ਕਥਨ ਬਾਰੇ ਉਦਾਹਰਨਾਂ ਸਹਿਤ ਟਿੱਪਣੀ ਕਰੋ । 20

(b) '' 'ਬਾਰਹਮਾਹਾ ਤੁਖਾਰੀ' ਵਿਯੋਗ ਗ੍ਰਸਿਤ ਜੀਵ-ਇਸਤਰੀ ਦੇ ਮਨ ਦੀ ਵਿਆਕੁਲਤਾ ਨੂੰ ਸੰਚਾਰਿਤ ਕਰਨ ਵਾਲਾ ਬਾਣੀ-ਪਾਠ ਹੈ । ਇਸ ਵਿਚ ਕੁਦਰਤ ਦਾ ਵਰਣਨ ਸੰਯੋਗ ਅਤੇ ਵਿਯੋਗ ਨੂੰ ਚਿੱਤਰਣ ਲਈ ਕੀਤਾ ਗਿਆ ਹੈ ।'' ਇਸ ਕਥਨ ਬਾਰੇ ਚਰਚਾ ਕਰੋ । 15

(c) ''ਸੇਖ਼ ਫ਼ਰੀਦ ਦੀ ਬਾਣੀ 'ਜੀਵਨ' ਦੀ ਨਾਸ਼ਵਾਨਤਾ ਅਤੇ 'ਮੌਤ' ਦੀ ਅਟੱਲਤਾ ਵਾਲਾ ਬਾਣੀ-ਪ੍ਰਵਚਨ ਹੈ । ਇਹ ਮਨੁੱਖ ਨੂੰ ਸਹਿਜ-ਸੁਰਤ ਵਾਲਾ ਸਾਦਾ ਜੀਵਨ ਜਿਊਣ ਲਈ ਪ੍ਰੇਰਦਾ ਹੈ ।'' ਇਸ ਕਥਨ ਬਾਰੇ ਵਿਸ਼ਲੇਸ਼ਣਾਤਮਿਕ ਟਿੱਪਣੀ ਕਰੋ । 15

**Q4.** (a) ''ਬੁੱਲ੍ਹੇ ਸ਼ਾਹ ਦੀਆਂ 'ਕਾਫ਼ੀਆਂ' ਵਿਚ ਪ੍ਰਧਾਨ ਸਰੋਕਾਰ ਅੱਲ੍ਹਾਂ ਹੈ । ਉਸ ਦੀ ਤੜਪ ਉਸ ਲਈ ਹੈ । ਉਸ ਦਾ ਇਸ਼ਕ ਉਹ ਹੀ ਹੈ । ਉਸ ਦਾ ਮੁਰਸ਼ਦ, ਮਾਹੀ, ਜੋਗੀ, ਰਾਂਝਾ, ਢੋਲਾ ਉਹੀ ਹੈ । ਉਸ ਦੇ ਪਰਤੱਖ ਦੀਦਾਰ ਲਈ ਕਾਜ਼ੀ ਅਤੇ ਕਰਮਕਾਂਡ ਬੇਅਰਥ ਹਨ ।'' ਇਸ ਕਥਨ ਦੀ ਉਦਾਹਰਣਾ ਸਹਿਤ ਪੁਸ਼ਟੀ ਕਰੋ । 20

(b) '' 'ਆਸਾ ਦੀ ਵਾਰ' ਵਿਚ ਪ੍ਰਚਲਿਤ ਸਨਾਤਨੀ ਅਤੇ ਇਸਲਾਮੀ ਕਰਮਕਾਂਡਾਂ ਦੀ ਨਿਰਾਰਥਕਤਾਂ ਦੇ ਪਰਿਪੇਖ ਵਿਚ 'ਨਾਮ' ਅਤੇ 'ਗੁਰੂ' ਸੰਕਲਪਾ ਰਾਹੀਂ ਸਹਿਜ-ਸੁਰਤ ਵਾਲਾ ਸੋਝੀ-ਮਾਰਗ ਪੇਸ਼ ਕੀਤਾ ਗਿਆ ਹੈ ।'' ਇਸ ਕਥਨ ਬਾਰੇ ਆਪਣੇ ਵਿਚਾਰ ਦਿਓ । 15

(c) ''ਵਾਰਿਸ ਸ਼ਾਹ ਆਪਣੇ ਕਿੱਸੇ 'ਹੀਰ-ਰਾਂਝਾ' ਵਿਚ ਹੀਰ ਦੀ ਸੁੰਦਰਤਾ, ਰਾਂਝੇ ਦੀ ਦੀਵਾਨਗੀ ਅਤੇ ਉਹਨਾਂ ਦੇ ਲੌਕਿਕ ਅਤੇ ਦੈਵੀ ਇਸ਼ਕ ਨੂੰ ਵਿਸਤ੍ਰਿਤ ਪ੍ਰਤੀਕ ਪ੍ਰਬੰਧ ਰਾਹੀਂ ਪੇਸ਼ ਕਰਦਾ ਹੈ ।'' ਇਸ ਕਥਨ ਬਾਰੇ ਆਲੋਚਨਾਤਮਕ ਟਿੱਪਣੀ ਕਰੋ । 15

## SECTION B

Q5. ਹੇਠ ਲਿਖੇ ਪੰਜਾਂ ਸਾਹਿਤਕ-ਖੰਡਾਂ ਦੀ ਪ੍ਰਸੰਗ ਸਹਿਤ, ਆਲੋਚਨਾਤਮਕ ਵਿਆਖਿਆ ਕਰੋ । (ਸ਼ਬਦ ਸੀਮਾ : 150 ਹਰੇਕ ਭਾਗ) *10×5=50*

(a) ਜੰਗ ਹਿੰਦ ਪੰਜਾਬ ਦਾ ਹੋਣ ਲੱਗਾ, ਦੋਵੇਂ ਪਾਤਸ਼ਾਹੀ ਫੌਜਾ ਭਾਰੀਆਂ ਨੀ ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ, ਜੇਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੀ ।
ਘੋੜੇ ਆਦਮੀ ਗੋਲਿਆਂ ਨਾਲ ਉੱਡਣ, ਹਾਥੀ ਡਿੱਗਦੇ ਸਵੇ ਅੰਬਾਰੀਆਂ ਨੀ ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੌਂ, ਫੌਜਾਂ ਜਿੱਤਕੇ ਅੰਤ ਨੂੰ ਹਾਰੀਆਂ ਨੀ । *10*

(b) ਊਧੋ ! ਕਾਹਨ ਦੀ ਗੱਲ ਸੁਣਾ ਸਾਨੂੰ,
ਕਾਹਨੂੰ ਚਿਬਗ ਚੁਆਤੀਆਂ ਲਾਈਆਂ ਨੀ ?
ਮਸਾਂ ਮਸਾਂ ਸਨ ਆਠਰਨ ਘਾਉ ਲੱਗੇ,
ਨਵੀਆਂ ਨਸ਼ਤਰਾਂ ਆਣ ਚਲਾਈਆਂ ਨੀ ।
ਅਸੀ ਕਾਲਜਾ ਘੁੱਟ ਕੇ ਬਹਿ ਗਏ ਸਾ,
ਮੁੜ ਕੇ ਸੁਤੀਆਂ ਕਲਾਂ ਜਗਾਈਆਂ ਨੀ । *10*

(c) ਪੁਰਾਣਾ ਕਿਲ੍ਹਾ ਵੇਖਿਆ । ਉਹ ਸ਼ੀਸਿਆਂ ਜੁੜੀਆਂ ਛੱਤਾਂ ਵੇਖੀਆਂ ਜਿਹਨਾਂ ਹੇਠ ਅਣਗਿਣਤ ਆਜ਼ਾਦੀ ਦੇ ਪਰਵਾਨਿਆਂ ਨੂੰ ਅਕਹਿ ਤਸੀਹੇ ਦਿਤੇ ਗਏ ਸਨ । ਉਹਨਾਂ ਦੀ ਕੁਰਬਾਨੀ ਨੇ ਕੇਵਲ ਭਾਰਤ ਨਹੀਂ ਸਗੋਂ ਪਾਕਿਸਤਾਨ ਦੀ ਆਜ਼ਾਦੀ ਦਾ ਦਿਨ ਵੀ ਨੇੜੇ ਲਿਆਂਦਾ ਪਰ ਇਥੇ ਕਿਤੇ ਵੀ ਉਹਨਾਂ ਦਾ ਜ਼ਿਕਰ ਤੱਕ ਕੀਤਾ ਨਹੀਂ ਮਿਲਦਾ, ਕਿਤੇ ਕੋਈ ਯਾਦਗਾਰ ਨਹੀਂ । ਕਿਲ੍ਹਾ ਕੇਵਲ ਇਕ ਸੈਰਗਾਹ ਬਣਾ ਦਿੱਤਾ ਗਿਆ ਹੈ । *10*

(d) ਪੁਰਾਤਨ ਕਾਲ ਵਿਚ ਪ੍ਰੇਮ ਕਰਨਾ ਇਸਤਰੀ ਦਾ ਫ਼ਰਜ ਸੀ, ਚਾਹੇ ਕਾਮਨ ਬਣ ਕੇ ਕਰੇ, ਚਾਹੇ ਸਿਪਾਹੀ ਦੀ ਵਹੁਟੀ ਬਣ ਕੇ । ਇਸ਼ਕ ਦਾ ਇਹ ਰੂਪ ਇਤਨਾ ਸਰਬ ਪ੍ਰਵਾਨ ਸੀ ਕਿ ਵਾਹਿਗੁਰੂ ਨੂੰ ਉਸ ਸਮੇਂ ਦੇ ਮਹਾਤਮਾਂ ਪੁਰਸਾਂ ਨੇ ਕੰਤ ਰੂਪ ਵਿਚ ਹੀ ਵੇਖਿਆ ਹੈ ਤੇ ਆਪ ਇਸਤਰੀ ਰੂਪ ਵਿਚ ਉਸ ਦੇ ਚਾਹੁਣ ਵਾਲੇ, ਪੂਜਣ ਵਾਲੇ ਹੋਏ ਹਨ । *10*

(e) ਸਾਡਾ ਜੀਵਨ-ਸ਼ਿਵਾਲਾ, ਕੁਝ ਸਮੇਂ ਤੋਂ ਤਿੜਕਦਾ ਫਿੱਸਦਾ ਜਾ ਰਿਹਾ ਹੈ, ਤੇ ਝੀਤਾਂ ਵਿਰਲਾਂ ਥਾਈ ਪੈਂਦੀਆਂ ਕਿਰਨਾਂ ਹੇਠਾਂ, ਸਾਡੇ ਸਾਰੇ ਪੂਜ ਬੁੱਤ ਜਿਨਾਂ ਨੂੰ ਅਸੀਂ ਮੋਤੀਚੂਰ ਦੇ ਭੋਗ ਲੁਆਂਦੇ ਸਾਂ, ਵੱਟੇ ਗੀਟੇ ਜਾਪਣ ਲੱਗ ਪਏ ਹਨ । ਜਿਸ ਸ਼ਿਵਾਲੇ ਦਾ ਹਰ ਕਿਣਕਾ ਸਕੀਵੀ ਜਾਇਦਾਦ ਸੀ, ਅੱਜ ਉਹ ਸਾਰਾ ਕੋਡੀਓ ਧਸਤਾ ਦਿੱਸਦਾ ਹੈ । *10*

**Q6.** (a) "ਜੰਗਨਾਮਾ (ਜੰਗ ਸਿੰਘਾਂ ਤੇ ਫ਼ਿਰੰਗੀਆਂ) ਵਿਚ ਸ਼ਾਹ ਮੁਹੰਮਦ ਨੇ ਪੰਜਾਬ ਦੀ ਰੂਹ ਨੂੰ ਚਿੱਤਰਦਿਆਂ, ਖਾਲਸੇ ਦੀ ਹਾਰ ਨੂੰ ਸਿੱਖ ਸਰਦਾਰਾਂ ਦੀ ਕਪਟੀ ਰਾਜਨੀਤੀ ਦੇ ਪਰਿਣਾਮ ਵੱਜੋਂ ਪੇਸ਼ ਕਰਕੇ, ਬਰਤਾਨਵੀ ਜਿੱਤ ਨੂੰ ਸਿਫ਼ਰ ਕਰ ਦਿੱਤਾ ।" ਇਸ ਕਥਨ ਬਾਰੇ ਵਿਸ਼ਲੇਸ਼ਨਾਤਮਕ ਟਿੱਪਣੀ ਕਰੋ । 20

(b) "ਨਾਨਕ ਸਿੰਘ ਆਪਣੇ ਨਾਵਲ 'ਪਵਿੱਤਰ ਪਾਪੀ' ਵਿਚ ਮੱਧਵਰਗੀ ਪੰਜਾਬੀ ਪਰਿਵਾਰਕ ਪ੍ਰਸਥਿਤੀਆਂ ਦੀਆਂ ਮਨੋਵਿਗਿਆਨਕ ਪਰਤਾਂ ਰਾਹੀਂ ਤ੍ਰਾਸਦੀ ਵਾਲਾ ਬਿਰਤਾਂਤ ਸਿਰਜਦਾ ਹੈ ।" ਇਸ ਕਥਨ ਬਾਰੇ ਆਲੋਚਨਾਤਮਕ ਟਿੱਪਣੀ ਕਰੋ । 15

(c) "ਸੰਤ ਸਿੰਘ ਸੇਖੋਂ ਪਰੰਪਰਾ ਅਤੇ ਵਰਤਮਾਨ ਦੇ ਸਾਹਿਤ-ਅਧਿਐਨ ਪਰਿਪੇਖ ਵਿਚ ਪੰਜਾਬੀ ਸਾਹਿਤ ਸਿਧਾਂਤ ਦੀ ਸਿਰਜਣਾ ਕਰਦਾ ਹੈ ।" 'ਸਾਹਿਤਿਆਰਥ' ਅਤੇ 'ਪੰਜਾਬੀ ਕਾਵਿ ਸ਼ਿਰੋਮਣੀ' ਦੇ ਹਵਾਲੇ ਨਾਲ ਇਸ ਕਥਨ ਬਾਰੇ ਟਿੱਪਣੀ ਕਰੋ । 15

**Q7.** (a) "ਗੁਰਬਖ਼ਸ ਸਿੰਘ ਪ੍ਰੀਤਲੜੀ ਆਪਣੀਆਂ ਲਿਖਤਾਂ ਰਾਹੀਂ ਸਦਾਚਾਰ ਅਤੇ ਸ਼ਿਸ਼ਟਾਚਾਰ ਉਤੇ ਆਧਾਰਿਤ ਇਕ ਨਵੇਂ ਮੁੱਲ-ਵਿਧਾਨ ਵਾਲੇ ਸਮਾਜ ਦਾ ਸੁਪਨਾ ਸਿਰਜਦਾ ਹੈ ।" 'ਜ਼ਿੰਦਗੀ ਦੀ ਰਾਸ' ਅਤੇ 'ਨਵਾਂ ਸ਼ਿਵਾਲਾ' ਦੇ ਆਧਾਰ 'ਤੇ ਇਸ ਕਥਨ ਬਾਰੇ ਟਿੱਪਣੀ ਕਰੋ । 20

(b) "ਧਨੀ ਰਾਮ ਚਾਤ੍ਰਿਕ ਨੇ ਆਪਣੀਆਂ ਕਾਵਿ ਕਿਰਤਾਂ ਵਿਚ ਪੰਜਾਬੀ ਜੀਵਨ ਦੇ ਪ੍ਰਾਕ੍ਰਿਤਕ, ਸਮਾਜਕ, ਧਾਰਮਿਕ ਅਤੇ ਰਾਜਨੀਤਕ ਪਾਸਾਰਾਂ ਨੂੰ ਅਲੰਕ੍ਰਿਤ ਕੀਤਾ ਹੈ ।" 'ਸੂਫ਼ੀ-ਖਾਨਾਂ', 'ਚੰਦਨਵਾੜੀ' ਅਤੇ 'ਨਵਾਂ ਜਹਾਨ' ਦੇ ਹਵਾਲੇ ਨਾਲ ਚਰਚਾ ਕਰੋ । 15

(c) "ਬਲਵੰਤ ਗਾਰਗੀ ਆਪਣੇ ਨਾਟਕਾਂ ਦੇ ਨਾਰੀ ਪਾਤਰਾਂ ਦੀਆਂ ਮਨੋਵਿਗਿਆਨਕ ਪ੍ਰਸਥਿਤੀਆਂ ਨੂੰ ਬਹੁ-ਪਰਤੀ ਪਰਿਪੇਖ ਵਿਚ ਚਿੱਤਰਦਾ ਹੈ ।" 'ਲੋਹਾ ਕੁੱਟ' ਅਤੇ 'ਧੂਣੀ ਦੀ ਅੱਗ' ਦੇ ਹਵਾਲੇ ਨਾਲ ਟਿੱਪਣੀ ਕਰੋ । 15

**Q8.** (a) "ਬਲਰਾਜ ਸਾਹਨੀ ਦੇ ਸਫ਼ਰਨਾਮੇ ਉਸ ਦੇ ਨਿੱਜ ਨਾਲ ਇਕਸੁਰਤਾ ਵਿਚ ਰਚੇ ਗਏ ਹਨ । ਇਹਨਾਂ ਵਿਚ ਉਸ ਦੀ ਵਿਚਾਰਧਾਰਾ ਅਤੇ ਉਸ ਦੀ ਆਪਣੀ ਜੰਮਣ-ਭੌਂ ਪ੍ਰਤੀ ਭਾਵੁਕ ਪਹੁੰਚ ਦ੍ਰਿਸ਼ਟੀਗੋਚਰ ਹੁੰਦੀ ਹੈ ।" 'ਮੇਰਾ ਰੂਸੀ ਸਫ਼ਰਨਾਮਾ' ਅਤੇ 'ਮੇਰਾ ਪਾਕਿਸਤਾਨੀ ਸਫ਼ਰਨਾਮਾ' ਦੇ ਆਧਾਰ 'ਤੇ ਇਸ ਕਥਨ ਬਾਰੇ ਚਰਚਾ ਕਰੋ । 20

(b) "ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਆਗਮਨ ਨਾਲ ਪੰਜਾਬੀ ਗੱਦ ਸਾਹਿਤ ਵਿਚ ਇਕ ਨਵੇਂ ਯੁਗ ਦੀ ਸਿਰਜਨਾ ਹੁੰਦੀ ਹੈ । ਉਹ ਪੰਜਾਬੀ ਗੱਦ ਨੂੰ ਧਰਮ ਦੀ ਚਾਰਦੀਵਾਰੀ ਵਿਚੋਂ ਕੱਢ ਕੇ ਵਿਆਪਕਤਾਂ ਪ੍ਰਦਾਨ ਕਰਦਾ ਹੈ ।" ਇਸ ਵਿਚਾਰ ਦੀ ਪੁਸ਼ਟੀ ਆਪਣੇ ਸ਼ਬਦਾਂ ਵਿੱਚ ਕਰੋ । 15

(c) ''ਨਾਨਕ ਸਿੰਘ ਆਪਣੇ ਨਾਵਲਾਂ ਵਿਚ ਤਤਕਾਲੀ ਪੰਜਾਬੀ ਸਮਾਜ ਦੇ ਸਭਿਆਚਾਰਕ, ਧਾਰਮਿਕ ਅਤੇ ਰਾਜਨੀਤਕ ਸਰੋਕਾਰਾਂ ਦੇ ਪਰਿਪੇਖ ਵਿਚ ਗਲਪੀ-ਬਿਰਤਾਂਤ ਸਿਰਜਦਾ ਹੈ ।'' 'ਚਿੱਟਾ ਲਹੂ' ਅਤੇ 'ਇਕ ਮਿਆਨ ਦੋ ਤਲਵਾਰਾਂ' ਦੇ ਹਵਾਲੇ ਨਾਲ ਇਸ ਕਥਨ ਬਾਰੇ ਆਲੋਚਨਾਤਮਕ ਟਿੱਪਣੀ ਕਰੋ । *15*

# ਪੰਜਾਬੀ / PUNJABI

## ਪੇਪਰ II / Paper II

## ( ਸਾਹਿਤ ) / ( LITERATURE )

ਨਿਰਧਾਰਿਤ ਸਮਾਂ : ਤਿੰਨ ਘੰਟੇ
Time Allowed : **Three** Hours

ਕੁੱਲ ਅੰਕ : 250
Maximum Marks : 250

### ਪ੍ਰਸ਼ਨ ਪੱਤਰ ਲਈ ਵਿਸ਼ੇਸ਼ ਹਦਾਇਤਾਂ

***ਕ੍ਰਿਪਾ ਕਰਕੇ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਨਿਮਨ ਲਿਖਿਤ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ:***

ਪ੍ਰਸ਼ਨ ਪੱਤਰ ਵਿੱਚ ਕੁਲ **ਅੱਠ** ਪ੍ਰਸ਼ਨ ਹਨ ਜੋ **ਦੋ ਭਾਗਾਂ** ਵਿਚ ਵੰਡੇ ਹੋਏ ਹਨ ।

ਉਮੀਦਵਾਰ ਨੇ ਕੁਲ **ਪੰਜ** ਪ੍ਰਸ਼ਨ ਕਰਨੇ ਹਨ ।

ਪ੍ਰਸ਼ਨ ਨੰਬਰ **1** ਅਤੇ **5** ਲਾਜ਼ਮੀ ਹਨ । ਬਾਕੀ ਪ੍ਰਸ਼ਨਾਂ ਵਿਚੋਂ ਕੋਈ **ਤਿੰਨ** ਪ੍ਰਸ਼ਨ ਕਰੋ ਪਰੰਤੂ ਦੋਵੇਂ ਭਾਗਾਂ ਵਿਚੋਂ ਘੱਟੋ ਘੱਟ **ਇੱਕ-ਇੱਕ** ਪ੍ਰਸ਼ਨ ਜ਼ਰੂਰ ਚੁਣੋ ।

ਹਰ ਪ੍ਰਸ਼ਨ/ ਭਾਗ ਦੇ ਅੰਕ ਉਸ ਦੇ ਨਾਲ ਹੀ ਦਸੇ ਗਏ ਹਨ ।

ਪ੍ਰਸ਼ਨਾਂ ਦੇ ਉੱਤਰ **ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ)** ਵਿਚ ਹੀ ਲਿਖੋ ।

ਪ੍ਰਸ਼ਨਾਂ ਦੇ ਉੱਤਰ ਲਈ ਸ਼ਬਦਾਂ ਦੀ ਸੀਮਾਂ ਜਿੱਥੇ ਵੀ ਦਿੱਤੀ ਹੈ, ਉਸ ਦੀ ਜ਼ਰੂਰ ਪਾਲਣਾ ਕਰੋ ।

ਪ੍ਰਸ਼ਨਾਂ ਦੇ ਉੱਤਰਾਂ ਦਾ ਮੁਲਾਂਕਣ ਕਰਦੇ ਸਮੇਂ ਉੱਤਰਾਂ ਦੀ ਕ੍ਰਮ ਲੜੀ ਨੂੰ ਸਾਹਮਣੇ ਰੱਖਿਆ ਜਾਵੇਗਾ । ਜਿਸ ਉਤਰ ਨੂੰ ਕਟਿਆ ਨਾ ਗਿਆ ਉਸ ਦਾ ਮੁਲਾਂਕਣ ਕਰ ਲਿਆ ਜਾਵੇਗਾ, ਭਾਵੇਂ ਉਹ ਅਧੂਰਾ ਹੀ ਹੋਇਆ ਹੋਵੇ । ਉੱਤਰ ਪੱਤਰੀ ਦਾ ਕੋਈ ਵੀ ਪੰਨਾ ਜਾਂ ਪੰਨੇ ਦਾ ਖਾਲੀ ਹਿੱਸਾ ਜੇ ਖਾਲੀ ਹੈ ਤਾਂ ਉਸ ਉਤੇ ਕਾਟਾ ਮਾਰਨਾ ਜ਼ਰੂਰੀ ਹੈ ।

### Question Paper Specific Instructions

***Please read each of the following instructions carefully before attempting questions :***

*There are **EIGHT** questions divided in **TWO SECTIONS**.*

*Candidate has to attempt **FIVE** questions in all.*

*Question nos. **1** and **5** are compulsory and out of the remaining, any **THREE** are to be attempted choosing at least **ONE** question from each section.*

*The number of marks carried by a question / part is indicated against it.*

*Answers must be written in **PUNJABI (Gurumukhi script)**.*

*Word limit in questions, wherever specified, should be adhered to.*

*Attempts of questions shall be counted in sequential order. Unless struck off, attempt of a question shall be counted even if attempted partly. Any page or portion of the page left blank in the Question-cum-Answer Booklet must be clearly struck off.*

## SECTION A

**Q1.** ਹੇਠ ਲਿਖੇ ਪੰਜਾਂ ਕਾਵਿ-ਟੋਟੀਆਂ ਦੀ ਪ੍ਰਸੰਗ ਸਹਿਤ ਆਲੋਚਨਾਤਮਕ ਵਿਆਖਿਆ ਕਰੋ ।
**(ਸ਼ਬਦ ਸੀਮਾ : 150 ਹਰੇਕ ਭਾਗ)** *10×5=50*

(a) ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ ।।
ਇਹੁ ਤਨੁ ਹੋਸੀ ਖਾਕ ਨਿਮਾਣੀ ਗੋਰ ਘਰੇ ।।
ਆਜੁ ਮਿਲਾਵਾ ਸੇਖ ਫਰੀਦ
ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ ।।1।।ਰਹਾਉ।।
ਜੇ ਜਾਣਾ ਮਰ ਜਾਈਐ ਘੁਮਿ ਨ ਆਈਐ ।।
ਝੂਠੀ ਦੁਨੀਆ ਲਗਿ ਨ ਆਪੁ ਵੰਞਾਈਐ ।।2।। *10*

(b) ਧੌਲੁ ਧਰਮੁ, ਦਇਆ ਕਾ ਪੂਤੁ ।।
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ।।
ਜੇ ਕੋ ਬੁਝੈ ਹੋਵੈ ਸਚਿਆਰੁ ।।
ਧਵਲੈ ਉਪਰਿ ਕੇਤਾ ਭਾਰੁ ।।
ਧਰਤੀ ਹੋਰੁ, ਪਰੈ ਹੋਰੁ ਹੋਰੁ ।।
ਤਿਸ ਤੇ ਭਾਰੁ, ਤਲੈ ਕਵਣੁ ਜੋਰੁ ।। *10*

(c) ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ।।
ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ।।
ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ।।
ਨਾਨਕ ਜਿਨੀ ਗੁਰਮੁਖਿ ਬੁਝਿਆ ਤਿਨਾ ਸੂਤਕੁ ਨਾਹਿ ।। *10*

(d) ਇਸ਼ਕ ਅਸਾਂ ਨਾਲ ਕੇਹੀ ਕੀਤੀ, ਲੋਕ ਮਰੇਂਦੇ ਤਾਅਨੇ ।
ਦਿਲ ਦੀ ਵੇਦਨ ਕੋਈ ਨਾ ਜਾਣੇ, ਅੰਦਰ ਦੇਸ ਬੇਗਾਨੇ ।
ਜਿਸ ਨੂੰ ਚਾਟ ਅਮਰ ਦੀ ਹੋਵੇ, ਸੋਈ ਅਮਰ ਪਛਾਣੇ ।
ਏਸ ਇਸ਼ਕ ਦੀ ਔਖੀ ਘਾਟੀ, ਜੋ ਚੜ੍ਹਿਆ ਸੋ ਜਾਣੇ ।
ਇਸ਼ਕ ਅਸਾਂ ਨਾਲ ਕੇਹੀ ਕੀਤੀ, ਲੋਕ ਮਰੇਂਦੇ ਤਾਅਨੇ । *10*

(e) ਕਾਜ਼ੀ ਆਖ਼ਦਾ ਏਹੁ ਜੇ ਰੋੜ ਪੱਕਾ, ਹੀਰ ਝਗੜਿਆਂ ਨਾਲ ਨਾ ਹਾਰਦੀ ਹੈ ।
ਲਿਆਓ ਪੜ੍ਹੋ ਨਿਕਾਹ ਮੂਹਿ ਬੰਨ ਇਹਦਾ, ਮਤਾ ਕੋਈ ਫਸਾਦ ਗੁਜ਼ਾਰਦੀ ਹੈ ।
ਛਡ ਮਸਜਿਦਾਂ ਦਾਰਿਆਂ ਵਿਚ ਵੜਦੀ, ਛਡ ਬਕਰੀਆਂ ਸੂਰੀਆਂ ਚਾਰਦੀ ਹੈ ।
ਵਾਰਿਸ ਸ਼ਾਹ ਮਧਾਣੀ ਏਂ ਹੀਰ ਜੱਟੀ, ਇਸ਼ਕ ਦਹੀਂ ਦਾ ਘੀਓ ਨਿਤਾਰਦੀ ਹੈ । *10*

**Q2.** (a) ''ਫ਼ਰੀਦ ਬਾਣੀ ਮਨੁੱਖੀ ਜੀਵਨ ਦੇ ਅਹਿਮ ਮਸਲੇ 'ਮੌਤ' ਨਾਲ ਆਪਣਾ ਮੁੱਖ ਸਰੋਕਾਰ ਜੋੜਦੀ ਹੋਈ 'ਮੌਤ' ਜਾਂ 'ਮੌਤ ਦੇ ਡਰ' ਤੋਂ ਪ੍ਰੇਰਿਤ ਵੇਦਨਾ ਸੰਵੇਦਨਾ ਨੂੰ ਆਪਣੇ ਕਲਾਮ ਦਾ ਮੂਲ ਆਧਾਰ ਬਣਾਉਂਦੀ ਹੈ ।'' ਇਸ ਕਥਨ ਦੀ ਰੋਸ਼ਨੀ ਵਿੱਚ ਫ਼ਰੀਦ ਬਾਣੀ ਵਿੱਚ ਪੇਸ਼ ਮੌਤ ਦੇ ਸੰਕਲਪ ਬਾਰੇ ਆਲੋਚਨਾਤਮਕ ਟੀਕਾ ਟਿੱਪਣੀ ਕਰੋ । 20

(b) ''ਗੁਰੂ ਨਾਨਕ ਰਚਿਤ 'ਬਾਰਹਮਾਹ ਤੁਖਾਰੀ' ਇੱਕ ਅਧਿਆਤਮਕ ਬਿਰਹੋਂ ਕਾਵਿ ਹੈ ਜਿਸ ਵਿੱਚ ਗੁਰੂ ਕਵੀ ਨੇ 'ਧਨ ਪਿਰ' ਦਾ ਅਧਿਆਤਮੀਕਰਨ ਕਰਕੇ 'ਬ੍ਰਹਮ ਜੀਵ' ਦੇ ਅਨੂਠੇ ਰਿਸ਼ਤੇ ਦਾ ਕਲਾਤਮਿਕ ਬਿਆਨ ਕੀਤਾ ਹੈ ।'' ਇਸ ਕਥਨ ਦੀ ਰੋਸ਼ਨੀ ਵਿੱਚ 'ਬਾਰਹਮਾਹ ਤੁਖਾਰੀ' ਵਿੱਚ ਪੇਸ਼ ਬਿਰਹੋਂ ਭਾਵ ਅਤੇ ਇਸ ਭਾਵ ਦੀ ਪੇਸ਼ਕਾਰੀ ਲਈ ਵਰਤੀ ਪ੍ਰਤੀਕ ਸ਼ੈਲੀ ਬਾਰੇ ਚਰਚਾ ਕਰੋ । 15

(c) ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਵਿੱਚੋਂ ਉਭਰਦੇ ਇਸ਼ਕ ਦੇ ਸੰਕਲਪ ਨੂੰ ਪੰਜਾਬੀ ਸੂਫ਼ੀ ਪਰੰਪਰਾ ਦੇ ਪ੍ਰਸੰਗ ਵਿੱਚ ਵਿਚਾਰੋ । 15

**Q3.** (a) ''ਵਾਰਿਸ ਸ਼ਾਹ ਸੂਫ਼ੀ ਮਤ ਦੇ ਚੌਖਟੇ ਵਿੱਚ ਮੁਸਲਿਮ ਤੇ ਹਿੰਦੂ ਮਿਥਿਹਾਸ ਦੇ ਹਵਾਲਿਆਂ ਨਾਲ ਖੁੱਲ੍ਹੇ ਡੁੱਲ੍ਹੇ ਪੰਜਾਬੀ ਜੀਵਨ ਦੇ ਅਮਲ ਵਿੱਚੋਂ ਇੱਕ ਐਸੀ ਨਿੱਗਰ ਤੇ ਨਰੋਈ ਵਿਸ਼ਾਲ ਪੰਜਾਬੀ ਸਭਿਆਚਾਰਕ ਪਰੰਪਰਾ ਦੀ ਉਸਾਰੀ ਕਰਦਾ ਹੈ ਜੋ ਮੱਧਕਾਲੀ ਪੰਜਾਬ ਦੀ ਪ੍ਰਤੀਨਿਧ ਹੋਣ ਦੇ ਨਾਲ-ਨਾਲ ਆਉਣ ਵਾਲੇ ਪੰਜਾਬ ਲਈ ਇੱਕ ਠੋਸ ਆਧਾਰਸ਼ਿਲਾ ਹੋ ਨਿਬੜਦੀ ਹੈ ।'' ਇਸ ਕਥਨ ਦੀ ਰੋਸ਼ਨੀ ਵਿੱਚ ਵਾਰਿਸ ਰਚਿਤ 'ਹੀਰ' ਦਾ ਸਭਿਆਚਾਰਕ ਮੁੱਲ ਅੰਕਿਤ ਕਰੋ । 20

(b) ''ਬਾਬਾ ਫ਼ਰੀਦ ਪੰਜਾਬੀ ਨੈਤਿਕਤਾ ਦੇ ਬੁਨਿਆਦੀ ਪ੍ਰਬੰਧ ਨੂੰ ਸਿਰਜਣ ਵਾਲਾ ਕਵੀ ਹੈ ਅਤੇ ਫ਼ਰੀਦ ਦੀ ਇਸ ਨੈਤਿਕਤਾ ਵਿੱਚ 'ਸਵੈ ਕਾਬੂ' ਕੇਂਦਰੀ ਨਿਯਮ ਹੈ ।'' ਇਸ ਕਥਨ ਦੀ ਰੋਸ਼ਨੀ ਵਿੱਚ ਫ਼ਰੀਦ ਦੀ ਬਾਣੀ ਦੇ ਨੈਤਿਕ ਪ੍ਰਸੰਗ ਨੂੰ ਵਿਚਾਰੋ । 15

(c) ''ਬੁੱਲੇ ਸ਼ਾਹ ਦੇ ਕਲਾਮ ਦਾ ਵਡੇਰਾ ਹਿੱਸਾ ਵਿਛੋੜੇ ਦੇ ਦਰਦ ਅਤੇ ਅੰਦਰ ਦੀ ਹੂਕ ਦਾ ਪ੍ਰਗਟਾਵਾ ਕਰਦਾ ਹੈ । ਇਸ ਪ੍ਰਗਟਾਵੇ ਵਿੱਚ ਸੰਗੀਤਕ ਅੰਸ਼ ਅਤੇ ਰਵਾਨਗੀ ਲੋਹੜੇ ਦੀ ਹੈ ।'' ਬੁੱਲੇ ਸ਼ਾਹ ਦੀਆਂ ਕਾਫ਼ੀਆਂ ਵਿੱਚੋਂ ਮਿਸਾਲਾਂ ਦੇ ਕੇ ਇਸ ਕਥਨ ਨੂੰ ਸਪੱਸ਼ਟ ਕਰੋ । 15

**Q4.** (a) ''ਗੁਰੂ ਨਾਨਕ ਦੀ ਬਾਣੀ ਜਿੱਥੇ ਪ੍ਰਭੂ ਪ੍ਰਤੀ ਪ੍ਰੇਮਾ ਭਗਤੀ ਦਾ ਮਾਰਗ ਹੈ, ਉੱਥੇ ਇਹ ਸਮਾਜਿਕ ਵਰਤਾਰੇ ਅਤੇ ਮਾਨਤਾਵਾਂ ਪ੍ਰਤੀ ਪ੍ਰਚੰਡ ਵਿਵੇਕ ਜਗਾਉਣ ਵਾਲੀ ਰਚਨਾ ਹੈ ।'' ਇਸ ਕਥਨ ਦੀ ਪੁਸ਼ਟੀ ਗੁਰੂ ਨਾਨਕ ਦੀ ਬਾਣੀ ਵਿੱਚੋਂ ਹਵਾਲੇ ਦੇ ਕੇ ਕਰੋ । 20

(b) "ਬੁੱਲ੍ਹੇ ਸ਼ਾਹ ਆਪਣੀਆਂ ਕਾਫ਼ੀਆਂ ਵਿੱਚ ਆਪਣੇ ਤਤਕਾਲੀ ਸਮਾਜ ਵਿਚਲੀਆਂ ਧਾਰਮਿਕ, ਸਮਾਜਿਕ, ਆਰਥਿਕ ਅਤੇ ਨਸਲੀ ਪਛਾਣਾਂ ਦੇ ਵਖਰੇਵੇ ਨੂੰ ਰੱਦ ਕਰਦਾ ਹੋਇਆ ਸਮੁੱਚੀ ਮਾਨਵਤਾ ਨੂੰ ਇੱਕ ਅੱਲ੍ਹਾ ਦੀ ਜਾਤ ਮੰਨਣ ਦੀ ਜੋਰਦਾਰ ਵਕਾਲਤ ਕਰਦਾ ਹੈ ।" ਇਸ ਕਥਨ ਨੂੰ ਕਾਫ਼ੀਆਂ ਦੇ ਹਵਾਲੇ ਨਾਲ ਸੱਪਸ਼ਟ ਕਰੋ । 15

(c) "ਵਾਰਿਸ ਦੇ ਕਾਵਿ ਪ੍ਰਵਚਨ ਦੇ ਉਚਾਰ ਦੀਆਂ ਸ਼ਾਇਗਨਾ ਖ਼ੂਬੀਆਂ ਦਾ ਮੂਲ ਆਧਾਰ ਵਾਰਿਸ ਦਾ ਆਪਣੀ ਭਾਸ਼ਾ ਉੱਪਰ ਅਸੀਮ ਅਧਿਕਾਰ ਹੈ ।" ਇਸ ਕਥਨ ਦੇ ਆਧਾਰ 'ਤੇ ਵਾਰਿਸ ਦੀ ਭਾਸ਼ਾਈ ਯੋਗਦਾ ਦੀ ਪਰਖ ਕਰੋ । 15

## SECTION B

**Q5.** **ਹੇਠ ਲਿਖੇ ਪੰਜ ਸਾਹਿਤਕ ਖੰਡਾਂ ਦੀ ਪ੍ਰਸੰਗ ਸਹਿਤ ਆਲੋਚਨਾਤਮਕ ਵਿਆਖਿਆ ਕਰੋ ।**
**(ਸ਼ਬਦ ਸੀਮਾ : 150 ਹਰੇਕ ਭਾਗ)** *10×5=50*

(a) ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ, ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ ।
ਮੁਲਤਾਨ, ਕਸ਼ਮੀਰ, ਪਿਸ਼ੌਰ, ਚੰਬਾ, ਜੰਮੂ, ਕਾਂਗੜਾ, ਕੋਟਿ ਨਿਵਾਇ ਗਿਆ ।
ਹੋਰ ਦੇਸ਼ ਲੱਦਾਖ ਤੇ ਚੀਨ ਤੋੜੀ, ਸਿੱਕਾ ਆਪਣੇ ਨਾਮ ਚਲਾਇ ਗਿਆ ।
ਸ਼ਾਹ ਮਹੁੰਮਦਾ ਜਾਣ ਪਚਾਸ ਬਰਸਾਂ, ਅੱਛਾ ਰੱਜ ਕੇ ਰਾਜ ਕਮਾਇ ਗਿਆ । *10*

(b) ਸਾਂਝੇ ਹੋਣ ਮਸੀਤਾਂ ਮੰਦਰ, ਵੱਗੇ ਰੱਬ ਦਿਲਾਂ ਦੇ ਅੰਦਰ ।
ਲੀਡਰ ਹੋਣ ਦਿਆਨਤਦਾਰ, ਮੇਲ ਮੁਹੱਬਤ ਦਾ ਪਰਚਾਰ ।
ਮਤਲਬੀਏ ਤੇ ਪਾੜਨ ਵਾਲੇ, ਭੁਲ ਜਾਵਣ ਸ਼ਤਰੰਜ ਦੇ ਚਾਲੇ ।
ਟੁਕਰਾਂ ਤੋਂ ਨਾ ਵਢ ਵਢ ਖਾਣ, ਸਚਮੁਚ ਦਾ ਇਨਸਾਨਸਤਾਨ । *10*

(c) ਕਲਾ ਦੇ ਅਰਥ ਭਿੰਨ-ਭਿੰਨ ਕੀਤੇ ਤੁਹਾਨੂੰ ਲੱਭਣਗੇ : ਖੂਬਸੂਰਤੀ ਪੈਦਾ ਕਰਨ ਦਾ ਹੁਨਰ, ਹੁਲਾਸ ਲਿਆਉਣ ਦੀ ਜਾਚ । ਪਰ ਵਿਸ਼ਾਲ ਅਰਥਾਂ ਵਿੱਚ ਕਲਾ ਉਹ ਹੁਨਰ ਹੈ, ਜਿਹੜਾ ਮਨੁੱਖੀ ਦਿਲ ਦੇ ਅਣਗੰਵੇ ਗੀਤਾਂ, ਅਣ-ਪੂਰੇ ਸੁਪਨਿਆਂ ਤੇ ਅਣਮਾਣੇ ਹੁਸਨਾਂ ਨੂੰ ਕਸਬੀ ਕਮਾਲ ਦੀ ਮੱਦਦ ਨਾਲ ਦਿਸਦੀਆਂ ਸ਼ਕਲਾਂ ਵਿੱਚ ਰੂਪਮਾਨ ਕਰਦਾ, ਅਪਰ ਅਪਾਰ ਕੁਦਰਤ ਨਾਲ ਮਨੁੱਖ ਦੀ ਵਾਕਫ਼ੀਅਤ ਵਧਾਂਦਾ ਤੇ ਮਨੁੱਖ ਦੀਆਂ ਆਸਾਂ, ਖੁਸ਼ੀਆਂ ਨੂੰ ਜ਼ਿੰਦਗੀ ਦੀਆਂ ਬੁਨਿਆਦੀ ਕਦਰਾਂ ਨਾਲ ਜੋੜੀ ਰੱਖਦਾ ਹੈ । *10*

(d) ਮੈਨੂੰ ਤੇਰੀ ਨਫ਼ਰਤ ਦੀ ਪ੍ਰਵਾਹ ਨਹੀਂ । ਤੂੰ ਇੱਥੇ ਆਈ ਤੇ ਹਰ ਚੀਜ਼ ਨੂੰ ਤੋੜ ਫੋੜ ਸੁੱਟਿਆ । ਮੇਰੀ ਮਾਨਸਿਕ ਕਸ਼ਮਕਸ਼ ਨਾਲ ਤੈਨੂੰ ਕੋਈ ਦਿਲਚਸਪੀ ਨਹੀਂ । ਕੀ ਕੋਈ ਆਦਮੀ ਐਹੋ ਜਿਹੀ ਹਾਲਤ ਵਿੱਚ ਕੰਮ ਕਰ ਸਕਦਾ ਹੈ ? ਮੈਨੂੰ ਆਪਣੇ ਭਵਿੱਖ ਦਾ ਉਤਨਾ ਹੀ ਖਿਆਲ ਹੈ ਜਿਤਨਾ ਤੈਨੂੰ ਆਪਣੇ ਬੱਚੇ ਦਾ । *10*

(e) ਲਗਨ ਭੈੜੀ ਹੋਵੇ ਭਾਵੇਂ ਚੰਗੀ, ਇਹ ਮਨੁੱਖ ਨੂੰ ਕੁਝ ਦਾ ਕੁਝ ਬਣਾ ਦੇਂਦੀ ਹੈ । ਲਗਨ ਇਕ ਤੁਪਕਾ ਹੈ, ਜਿਹੜਾ 'ਜਾਗ' ਦੇ ਰੂਪ ਵਿਚ ਲੱਗਾ ਹੋਇਆ, ਦੁੱਧ ਨੂੰ ਦਹੀਂ ਵਿੱਚ ਬਦਲ ਦੇਂਦਾ ਹੈ, ਪਰ ਇਹੋ ਤੁਪਕਾ ਜੇ ਕਾਂਜੀ ਬਣ ਕੇ ਲੱਗ ਜਾਵੇ ਤਾਂ ਸਾਰੇ ਦੁੱਧ ਨੂੰ ਫਿਟਾ ਕੇ ਨਾਸ ਕਰ ਦੇਂਦਾ ਹੈ । *10*

**Q6.** (a) "ਨਾਨਕ ਸਿੰਘ ਪੰਜਾਬੀ ਨਾਵਲ ਨੂੰ ਧਾਰਮਿਕ ਵਲਗਣਾਂ ਵਿੱਚ ਕੱਢ ਕੇ ਇਸਦਾ ਸਹੀ ਰੂਪ ਵਿੱਚ ਸਮਾਜੀਕਰਨ ਕਰਦਾ ਹੈ । ਇਸ ਤਰ੍ਹਾ ਕਰਕੇ ਨਾਨਕ ਸਿੰਘ ਜਿੱਥੇ ਪੰਜਾਬੀ ਨਾਵਲ ਦਾ ਘੇਰਾ ਚੌੜੇਰਾ ਕਰਦਾ ਹੈ, ਉੱਥੇ ਇਸਨੂੰ ਧਰਮ ਨਿਰਪੱਖ ਬਣਾਉਣ ਵਿੱਚ ਵੀ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ ।" ਇਸ ਕਥਨ ਦੀ ਪੁਸ਼ਟੀ ਨਾਨਕ ਸਿੰਘ ਦੇ ਨਾਵਲਾਂ ਨੂੰ ਉਸਤੋਂ ਪੂਰਵਲੀ ਪੰਜਾਬੀ ਨਾਵਲ ਪਰੰਪਰਾ ਦੇ ਸਨਮੁੱਖ ਰੱਖ ਕੇ ਕਰੋ । *20*

(b) ਧਨੀ ਰਾਮ ਚਾਤ੍ਰਿਕ ਦੇ ਕਾਵਿ ਸਫ਼ਰ ਵਿੱਚ 'ਨਵਾਂ ਜਹਾਨ' ਦੀਆਂ ਕਵਿਤਾਵਾਂ ਰਾਹੀਂ ਜੋ ਅਗਰਗਾਮੀ ਅੰਸ਼ ਉਭਰਦੇ ਹਨ, ਸੂਫ਼ੀਖਾਨਾ ਵਿੱਚ ਆ ਕੇ ਉਹਨਾਂ ਵਿੱਚ ਨਿਖਾਰ ਵੇਖਿਆ ਜਾ ਸਕਦਾ ਹੈ । 'ਨਵਾਂ ਜਹਾਨ' ਤੇ 'ਸੂਫ਼ੀਖਾਨਾ' ਦੀਆਂ ਕਵਿਤਾਵਾਂ ਦੇ ਆਧਾਰ 'ਤੇ ਚਾਤ੍ਰਿਕ ਕਾਵਿ ਅਨੁਭਵ ਵਿੱਚ ਆਏ ਇਸ ਵਿਕਾਸ ਬਾਰੇ ਆਲੋਚਨਾਤਮਕ ਚਰਚਾ ਕਰੋ । *15*

(c) ਬਲਰਾਜ ਸਾਹਨੀ ਦੁਆਰਾ ਆਪਣੇ ਰੂਸੀ ਸਫ਼ਰਨਾਮਾ ਵਿੱਚ ਪੇਸ਼ ਰੂਸ ਦੇ ਸਮਾਜਿਕ, ਆਰਥਿਕ ਤੇ ਰਾਜਨੀਤਿਕ ਜੀਵਨ ਵੇਰਵਿਆਂ ਦੀ ਕਲਾਤਮਕਤਾ ਨੂੰ ਸਫ਼ਰਨਾਮਾ ਵਿਧਾ ਦੇ ਵਿਧਾਗਤ ਪ੍ਰਤੀਮਾਨਾਂ ਦੇ ਆਧਾਰ 'ਤੇ ਪਰਖੋ । *15*

**Q7.** (a) ਸੰਤ ਸਿੰਘ ਸੇਖੋਂ ਦੀ ਸਿਧਾਂਤਕ ਪਹੁੰਚ 'ਸਾਹਿਤ ਵਿੱਚ ਸਦੀਵੀ ਅਤੇ ਸਾਮਿਅਕ', 'ਵਸਤੂ ਅਤੇ ਰੂਪ' ਅਤੇ 'ਸਾਹਿਤ ਅਤੇ ਸਮਾਜਿਕ ਸ਼ਕਤੀਆਂ' ਵਿਚਕਾਰ ਸਬੰਧਾਂ ਦੇ ਤਿੰਨ ਮੁੱਖ ਸੁਆਲਾਂ ਉੱਪਰ ਕੇਂਦਰਿਤ ਹੈ । ਇਸ ਕਥਨ ਦੀ ਪੁਸ਼ਟੀ 'ਸਾਹਿਤਆਰਥ', 'ਪ੍ਰਸਿੱਧ ਪੰਜਾਬੀ ਕਵੀ' ਅਤੇ 'ਪੰਜਾਬੀ ਕਾਵਿ ਸ਼ਿਰੋਮਣੀ' ਪੁਸਤਕ ਦੇ ਆਧਾਰ 'ਤੇ ਕਰੋ । *20*

(b) ਗੁਰਬਖ਼ਸ਼ ਸਿੰਘ ਦਾ ਸਾਹਿਤ ਸਿਧਾਂਤ ਜ਼ਿੰਦਗੀ ਅਤੇ ਕਲਾ ਦੇ ਸੰਬੰਧਾਂ ਦੀ ਪਛਾਣ ਤੇ ਲੈ ਕੇ ਕਲਾ ਦੇ ਇਨਕਲਾਬੀ ਪ੍ਰਭਾਵ ਤੱਕ ਫੈਲਿਆ ਹੋਇਆ ਹੈ । 'ਜ਼ਿੰਦਗੀ ਦੀ ਰਾਸ' ਅਤੇ 'ਨਵਾਂ ਸ਼ਿਵਾਲਾ' ਪੁਸਤਕਾਂ ਦੇ ਹਵਾਲੇ ਨਾਲ ਇਸ ਕਥਨ ਬਾਰੇ ਚਰਚਾ ਕਰੋ । *15*

(c) ਨਾਨਕ ਸਿੰਘ ਦੇ ਨਾਵਲ 'ਪਵਿੱਤਰ ਪਾਪੀ' ਦੇ ਗਲਪੀ ਸੰਗਠਨ ਵਿੱਚ ਕਾਰਜ਼ਸ਼ੀਲ ਮਧਕਾਲੀਨ ਗਲਪ ਰੂੜੀਆਂ ਨੂੰ ਚਰਚਾ ਦਾ ਵਿਸ਼ਾ ਬਣਾਉ । *15*

**Q8.** (a) "ਜੰਗਨਾਮਾ ਸ਼ਾਹ ਮਹੁੰਮਦ ਹਾਜ਼ਰ ਜਾਂ ਸੁਚੇਤ ਪੱਧਰ 'ਤੇ ਹਿੰਦ ਪੰਜਾਬ ਦਾ ਜੰਗਨਾਮਾ ਹੈ, ਪਰ ਨਾ-ਹਾਜ਼ਰ ਜਾਂ ਅਚੇਤ ਪੱਧਰ 'ਤੇ ਵਾਰ ਮਹਾਰਾਜਾ ਰਣਜੀਤ ਸਿੰਘ ਹੈ । ਹਿੰਦ ਪੰਜਾਬ ਦੀ ਜੰਗ ਅਗਰਭੂਮੀ ਵਿੱਚ ਹੈ ਪਰ ਪਿਠਭੂਮੀ ਵਿੱਚ ਮਹਾਰਾਜਾ ਰਣਜੀਤ ਸਿੰਘ ਨਿਰੰਤਰ ਮੌਜੂਦ ਰਹਿੰਦਾ ਹੈ ।" ਇਸ ਵਿਚਾਰ ਦੀ ਪੁਸ਼ਟੀ ਜੰਗਨਾਮਾ ਵਿੱਚੋਂ ਮਿਸਾਲਾਂ ਦੇ ਕੇ ਕਰੋ । *20*

(b) ਗੁਰਬਖ਼ਸ਼ ਸਿੰਘ ਨੇ ਆਪਣੇ ਨਿਬੰਧਾਂ ਵਿੱਚ ਥਾਂ-ਥਾਂ ਜੀਵਨ ਚੰਗਿਆੜੀ ਮਘਾਈ ਹੈ । ਉਹ ਜ਼ਿੰਦਗੀ ਨੂੰ ਜਿਉਣ ਅਤੇ ਖੁਸ਼ੀਆਂ ਨੂੰ ਮਾਨਣ ਦੀ ਵਾਰ-ਵਾਰ ਪ੍ਰੇਰਣਾ ਦਿੰਦਾ ਹੈ । ਪੁਸਤਕ 'ਜ਼ਿੰਦਗੀ ਦੀ ਰਾਸ' ਅਤੇ 'ਨਵਾਂ ਸ਼ਿਵਾਲਾ' ਵਿੱਚ ਪੇਸ਼ ਇਸ ਜ਼ਿੰਦਗੀ ਦੇ ਸੁਹੱਪਣ ਨੂੰ ਮਾਣਨ ਅਤੇ ਇਸਦੀਆਂ ਖੁਸ਼ੀਆਂ ਹੰਢਾਉਣ ਦਾ ਜੋ ਅਹਿਸਾਸ ਪੇਸ਼ ਹੋਇਆ ਹੈ, ਉਸਨੂੰ ਚਰਚਾ ਦਾ ਵਿਸ਼ਾ ਬਣਾਉ । *15*

(c) ਬਲਵੰਤ ਗਾਰਗੀ ਆਪਣੇ ਨਾਟਕਾਂ ਵਿੱਚ ਨਾਰੀ ਦੀ ਭਾਵਨਾਵਾਂ, ਤਰੰਗਾਂ, ਮਨੋਵੇਗਾਂ, ਕੁੰਠਾਵਾਂ ਤੇ ਅਪੂਰਤੀਆਂ ਨੂੰ ਉਲੀਕਣ ਵਾਲਾ ਅਜਿਹਾ ਨਾਟਕਕਾਰ ਹੈ ਜੋ ਨਾਰੀ ਨੂੰ ਕੇਵਲ ਮਾਤ੍ਰ ਚਿਤ੍ਰਿਤ ਜਾਂ ਪਰਿਭਾਸ਼ਤ ਹੀ ਨਹੀਂ ਕਰਦਾ, ਸਗੋਂ ਉਸਦੇ ਮਨੋਵਿਗਿਆਨਕ ਵਿਵੇਚਨ ਨਾਲ ਜੁੜ ਕੇ ਨਾਰੀ ਦੀ ਮੂਲ ਪ੍ਰਕ੍ਰਿਤੀ ਦੀ ਤਲਾਸ਼ ਵਿੱਚ ਨਜ਼ਰ ਆਉਂਦਾ ਹੈ । ਨਾਟਕ 'ਲੋਹਾ ਕੁੱਟ', 'ਧੂਣੀ ਦੀ ਅੱਗ' ਅਤੇ 'ਸੁਲਤਾਨ ਰਜ਼ੀਆ' ਦੇ ਆਧਾਰ 'ਤੇ ਇਸਦੀ ਪੁਸ਼ਟੀ ਕਰੋ । *15*